ਸਪੈਸ਼ਲ ਸਿੱਖਿਆ ਸਥਾਨਕ ਇਲਾਕੇ ਮੁਤਾਬਕ

ਸਪੈਸ਼ਲ ਸਿੱਖਿਆ ਅਧਿਕਾਰ ਵਜੋਂ ਦਿੱਤੇ ਗਏ ਮਾਤਾ ਪਿਤਾ ਦੇ ਹੱਕਾਂ ਦਾ ਵਿਸਥਾਰ/ਵਰਨਣ

ਡੀਨ ਸਕਗੀ
ਅਸੋਸੀਏਟ ਸੁਪਰਟੈਂਡਟ, ਵਿਦਿਆ
ਸੇਵਾਵਾਂ ਅਤੇ ਇਨੋਵੇਟਵ ਪ੍ਰੋਗਰਾਮ

ਕ੍ਰਿਪਾ ਕਰਕੇ ਇਨ੍ਹਾਂ ਹੱਕਾਂ ਦੀ ਕਾਪੀ ਨੂੰ ਆਉਣ ਵਾਲੇ ਸਮੇਂ ਵਿਚ ਵਰਤੋਂ ਲਈ ਸੰਭਾਲਕੇ ਰੱਖੋ ਜੀ।

ਮੁੱਢਲਾ ਵਰਣਾ

ਮਾਤਾ ਪਿਤਾ ਦੇ ਹੱਕਾਂ ਅਤੇ ਹੋਰ ਏਜੰਸੀਆਂ ਦਾ ਮੁੱਖ ਫਰਜ ਹੈ ਕਿ ਜਿਹੜੇ ਵਿਦਿਆਰਥੀ ਮਾਨਸਿਕ ਤੌਰ ਤੇ ਕਿਸੇ ਵੀ ਤਰਾਂ ਕਮਜੋਰ ਹਨ ਉਹਨਾਂ ਨੂੰ 21 ਸਾਲ ਦੀ ਉਮਰ ਤੋਂ ਪਹਿਲਾਂ ਸੇਵਾ ਮੁਹੱਈਆ ਕਰਵਾਈ ਜਾਵੇ। ਜਿਸ ਬੱਚੇ ਨੂੰ ਮਾਨਸਿਕ ਤੌਰ ਤੇ ਕੋਈ ਵੀ ਕਮਜੋਰੀ ਹੈ ਉਸ ਦੀ ਪਛਾਣ ਇੰਡੀਵਿਜੂਅਲਾਈਜਡ ਸਿੱਖਿਆ ਪ੍ਰੋਗਰਾਮ ਦੀ ਟੀਮ ਵਲੋਂ ਕੀਤੀ ਜਾਂਦੀ ਹੈ ਅਤੇ ਫੈਡਰਲ ਰੈਗੂਲੇਸ਼ਨ ਅਧਾਰਤ ਇੱਕ ਤੋਂ ਤੇਰਾਂ ਤਰਾਂ ਦੀਆਂ ਕਮਜੋਰੀਆਂ ਦੇ ਵਰਨਣ ਅਨੁਸਾਰ ਸੇਵਾਵਾਂ ਦਿੱਤੀਆ ਜਾਂਦੀਆਂ ਹਨ। ਵਿਦਿਆਰਥੀ ਦੀ ਸਹੀ ਪਛਾਣ ਲਈ ਇਸ ਤਰਾਂ ਦੇ ਤਰੀਕੇ ਇਸਤੇਮਾਲ ਕੀਤੇ ਜਾਂਦੇ ਹਨ। ਬੱਚੇ ਦਾ ਕਾਨੂੰਨੀ ਤੌਰ ਤੇ ਪੂਰਾ ਹੱਕ ਹੈ ਕਿ ਉਹ ਪਬਲਿਕ ਸਿੱਖਿਆ ਮੁਫਤ ਲੈ ਸਕਦਾ ਹੈ। ਜੋ ਬੱਚੇ ਮਾਨਸਿਕ ਤੌਰ ਤੇ ਕਿਸੇ ਵੀ ਤਰਾਂ ਕਮਜੋਰ ਹਨ ਉਹਨਾਂ ਨੂੰ ਹੋਰਨਾਂ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਦਿੱਤਾ ਜਾਂਦਾ ਹੈ ਤਾਂ ਕਿ ਦੋਨੋਂ ਹੀ ਉਸ ਮਾਹੌਲ ਦਾ ਪੂਰਾ ਫਾਇਦਾ ਲੈ ਸਕਣ। ਜਦੋਂ ਇਹ ਮਹਿਸੂਸ ਕੀਤਾ ਜਾਵੇ ਕਿ ਬੱਚੇ ਨੂੰ ਸਪੈਸ਼ਲ ਸਿੱਖਿਆ ਦੁਆਰਾ ਮੁਹੱਈਆ ਕਰਵਾਈਆਂ ਸੇਵਾਵਾਂ ਦੀ ਲੋੜ ਨਹੀ ਹੈ ਤਾਂ ਆਈ.ਈ.ਪੀ ਟੀਮ ਮੀਟਿੰਗ ਵਿਚ ਬੈਠਕੇ ਉਹਨਾਂ ਸਾਰੇ ਮੁੱਦਿਆ ਦਾ ਜਿਕਰ ਕਰਦੀ ਹੈ। ਕਿਸੇ ਵੀ ਬੱਚੇ ਨੂੰ ਜਰੂਰੀ ਨਹੀ ਹੈ ਕਿ ਉਹ ਸਪੈਸ਼ਲ ਸਿੱਖਿਆ ਦਾ ਹਿੱਸਾ ਬਣੇ ਜਿੰਨੀ ਦੇਰ ਤੱਕ ਮਾਤਾ ਪਿਤਾ ਦੀ ਸਹਿਮਤੀ ਲਿਖਤੀ ਰੂਪ ਵਿਚ ਨਾਂ ਮਿਲੀ ਹੋਵੇ ਜਿਸ ਵਿਚ ਹਰ ਇਕ ਚੀਜ ਦਾ ਵਰਨਣ ਵਿਸਥਾਰ ਵਿਚ ਹੋਵੇ।

ਵਿਸਥਾਰ ਨਾਲ ਕੀਤਾ ਗਿਆ ਵਰਣਾ

- ਕੋਨਸੈਂਟ: ਮਤਲਬ ਵਿਚ ਮਨਜੂਰੀ ਜੋ ਕਿ ਮਾਤਾ ਪਿਤਾ ਨੂੰ ਪੂਰੀ ਤਰਾਂ ਜਾਣਕਾਰੀ ਦੇਣ ਤੋਂ ਬਾਅਦ ਉਹਨਾਂ ਦੀ ਆਪਣੀ ਬੋਲੀ ਜਾਂ ਉਸ ਭਾਸ਼ਾ ਵਿਚ ਜਿਸ ਨਾਲ ਉਹ ਚੰਗਾ ਮਹਿਸੂਸ ਕਰਦੇ ਹੋਣ ਲਈ ਜਾਂਦੀ ਹੈ। ਮਾਤਾਂ ਪਿਤਾ ਨੂੰ ਲਿਖਤੀ ਰੂਪ ਵਿਚ ਦੱਸਿਆ ਜਾਂਦਾ ਹੈ ਕਿ ਸਕੂਲ ਵਿਚ ਕਿਸ ਤਰਾਂ ਦੀ ਲੋੜਵੰਦ ਸੇਵਾ ਦਿੱਤੀ ਜਾਵੇਗੀ ਅਤੇ ਮਨਜੂਰੀ ਸਹਿਤ ਕਿਸਨੂੰ ਉਹਨਾਂ ਦੇ ਬੱਚੇ ਦੇ ਰਿਕਾਰਡ ਦੀ ਕਾਪੀ ਜਾਂ ਜਾਣਕਾਰੀ ਮਿਲ ਸਕਦੀ ਹੈ। ਮਾਤਾ ਪਿਤਾ ਨੂੰ ਸਮਝ ਹੁੰਦੀ ਹੈ ਕਿ ਉਹ ਦਿੱਤੀ ਗਈ ਮਨਜੂਰੀ ਕਿਸੇ ਵੀ ਸਮੇ ਵਾਪਸ ਲੈ ਸਕਦੇ ਹਨ।
- ਪਰਸਨੈਲੀ ਇਡੈਂਟੀਫਾਈਬਲ: ਮਤਲਬ ਵਿਚ ਬੱਚੇ ਦਾ ਨਾਮ, ਉਸਦੇ ਮਾਤਾ ਪਿਤਾ ਅਤੇ ਹੋਰ ਪ੍ਰਵਿਾਰਕ ਮੈਂਬਰ, ਬੱਚੇ ਦਾ ਘਰ ਦਾ ਪਤਾ, ਬੱਚੇ ਦਾ ਸੋਸ਼ਲ ਸਿਕਿਉਰਟੀ ਨੰਬਰ, ਸਕੂਲ ਦਾ ਸਟੂਡੈਂਟ ਨੰਬਰ, ਅਤੇ ਹੋਰ ਅਧਾਰਤ ਲੋੜਵੰਦ ਜਾਣਕਾਰੀ ਜਿਸ ਨਾਲ ਸਹੀ ਪਹਿਚਾਣ ਹੋ ਸਕਦੀ ਹੈ।
- ਇਵੈਲੂਏਸ਼ਨ: ਮਤਲਬ ਜਿਸ ਵਿਚ ਤਰੀਕੇ ਅਪਣਾਏ ਜਾਂਦੇ ਹਨ ਜਿਨਾਂ ਵਿਚ ਤੈਅ ਕੀਤਾ ਜਾਂਦਾ ਹੈ ਕਿ ਬੱਚੇ ਨੂੰ ਸਪੈਸ਼ਲ ਸਿੱਖਿਆ ਦੀਆਂ ਕਿਹੜੀਆਂ ਸੇਵਾਵਾਂ ਦੀ ਜਰੂਰਤ ਹੈ। ਇਸ ਅਧਾਰ ਵਿਚ ਵੱਖ ਵੱਖ ਤਰਾਂ ਦੇ ਤਰੀਕੇ ਨਾਲ ਬੱਚੇ ਦੀ ਸਹੀ ਕਮਜੋਰੀ ਦੀ ਪਛਾਣ ਕੀਤੀ ਜਾਂਦੀ ਹੈ।
- ਇੰਡੀਪੈਂਡਟ ਸਿੱਖਿਆ ਇਵੈਲੂਏਸ਼ਨ: ਮਤਲਬ ਵਿਚ ਜਿਸ ਬੱਚੇ ਨੂੰ ਜਰੂਰੀ ਸਮਝਿਆ ਜਾਵੇ ਉਸਦਾ ਬਾਹਰੋ ਏਜੰਸੀ ਦੇ ਅਧਿਕਾਰੀ ਵਲੋਂ ਵੱਖਰੀ ਪ੍ਰੀਖਿਆ ਦੁਆਰਾ ਪਹਿਚਾਣ ਕੀਤੀ ਜਾਂਦੀ ਹੈ। ਉਹਨਾਂ ਦੀ ਜਾਣਕਾਰੀ ਤੋਂ ਬਾਅਦ ਪਤਾ ਲੱਗਦਾ ਹੈ ਕਿ ਬੱਚੇ ਨੂੰ ਕਿਸ ਤਰਾਂ ਸਿੱਖਿਆ ਠੀਕ ਬੈਠਦੀ ਹੈ।
- ਪਬਲਿਕ ਐਕਸਪੈਂਸ: ਮਤਲਬ ਜੋ ਵੀ ਖਰਚਾ ਪ੍ਰੀਖਿਆ ਦਾ ਹੁੰਦਾ ਹੈ ਉਸਦਾ ਜਿੰਮਾ ਸਕੂਲ ਦੇ ਸਿਰ ਹੁੰਦਾ ਹੈ ਅਤੇ ਮਾਤਾ ਪਿਤਾ ਲਈ ਮੁਫਤ ਹੈ।

ਮਾਤਾ ਪਿਤਾ ਦੀ ਮਨਜੂਰੀ

ਮਾਤਾ ਪਿਤਾ ਵਲੋਂ ਲਿਖਤੀ ਰੂਪ ਵਿਚ ਜਾਣਕਾਰੀ ਜਾਂ ਮਨਜੂਰੀ ਜਰੂਰੀ ਹੁੰਦੀ ਹੈ ਤਾਂ ਕਿ ਬੱਚੇ ਨੂੰ ਪ੍ਰੀਖਿਆ ਕਰਵਾਈ ਜਾ ਸਕੇ ਅਤੇ ਲੋੜੀਂਦੇ ਸਪੈਸ਼ਲ ਸਿੱਖਿਆ ਪ੍ਰੋਗਰਾਮ ਦੀਆਂ ਸੇਵਾਵਾਂ ਮੁਹੱਈਆ ਕਰਵਾਈਆ ਜਾ ਸਕਣ। ਐਸ.ਈ.ਏ ਨੂੰ ਮਨਜੂਰੀ ਦੀ ਜਰੂਰਤ ਨਹੀ ਹੁੰਦੀ ਕਿਉਂਕਿ ਉਹ ਮੁਫਤ ਅਤੇ ਬੱਚੇ ਦੇ ਫਾਇਦੇ ਵਾਸਤੇ ਸੇਵਾਵਾਂ ਪ੍ਰਦਾਨ ਕਰਦੇ ਹਨ। ਐਸ.ਈ.ਏ. ਨੂੰ ਪੂਰਾ ਹੱਕ ਹੈ ਕਿ ਉਹ ਮਾਤਾ ਪਿਤਾ ਦੀ ਮਨਜੂਰੀ ਤੋਂ ਬਗੈਰ ਲੋੜੀਂਦੇ ਬੱਚੇ ਨੂੰ ਸੇਵਾਵਾਂ ਮੁਹੱਈਆ ਕਰਵਾ ਸਕਦੇ ਹਨ।

ਜਦੋਂ ਬੱਚੇ ਦੀ ਉਮਰ 18 ਸਾਲ ਦੀ ਹੋ ਜਾਵੇ (ਜਾਂ ਉਸਦੀ ਕੋਈ ਹੋਰ ਅਧਾਰ ਮੰਨੀ ਜਾਵੇ) ਸਕੂਲੀ ਜਿਲੇ ਨੂੰ ਉਸਦੀਆਂ ਕਮਜੋਰੀਆਂ ਦੇ ਵਰਨਣ ਦਾ ਨੋਟਿਸ ਮਾਤਾ ਪਿਤਾ ਨੂੰ ਅਤੇ ਬੱਚੇ ਨੂੰ ਦੇਣਾ ਜਰੂਰੀ ਹੁੰਦਾ ਹੈ। ਵੱਡਸੀ ਉਮਰ ਵਿਚ ਜੋ ਕਿ 18 ਸਾਲ ਤੋਂ ਬਾਅਦ ਮੰਨੀ ਜਾਂਦੀ ਹੈ ਉਸ ਵਿਚ ਸਾਰੇ ਹੱਕ ਬੱਚੇ ਨੂੰ ਆਪ ਹੁੰਦੇ ਹਨ। ਇਨਾਂ ਹੱਕਾਂ ਦੇ ਟਰਾਂਸਫਰ ਹੋਣ ਦਾ ਨੋਟਿਸ ਪੂਰਾ ਇਕ ਸਾਲ ਪਹਿਲਾ ਦਿੱਤਾ ਜਾਣਾ ਚਾਹੀਦਾ ਹੈ। ਜਿਸ ਬੱਚੇ ਨੂੰ ਮਾਨਸਿਕ ਤੌਰ ਤੇ ਕਮਜੋਰੀ ਹੈ ਅਤੇ 18 ਸਾਲ ਦਾ ਪੂਰਾ ਹੋ ਜਾਂਦਾ ਹੈ ਅਤੇ ਆਪਣੇ ਤੌਰ ਤੇ ਮਨਜੂਰੀ ਦੇਣ ਦਾ ਸਮਰੱਥਕ ਹੈ ਤਾਂ ਸਕੂਲ ਜਿਲਾ ਸਟੇਟ ਦੇ ਅਧਾਰਾਂ ਨੂੰ ਮੁੱਖ ਰੱਖਦਾ ਕਿਸੇ ਹੋਰ ਅਧਿਕਾਰੀ ਨੂੰ ਨਿਯੁਕਤ ਕਰ ਸਕਦਾ ਹੈ। ਉਸ ਅਧਿਕਾਰੀ ਨੂੰ ਮਨਜੂਰੀ ਅਨੁਸਾਰ ਬੱਚੇ ਦੀ ਸਿੱਖਿਆ ਅਤੇ ਮਾਨਸਿਕ ਹਾਲਤ ਦੇ ਸਿਲਸਲੇ ਵਿਚ ਪੂਰੀ ਤਰਾਂ ਫੈਸਲਾ ਲੈਣ ਦਾ ਹੱਕ ਹੁੰਦਾ ਹੈ। ਸਟੇਟ ਅਧਾਰਤ ਸਾਰੇ ਹੱਕ ਜੋ ਦੱਸੇ ਜਾਂਦੇ ਹਨ ਉਹ ਅਖੀਰ ਵਿਚ ਬੱਚੇ ਅਤੇ ਮਾਤਾ ਪਿਤਾ ਦੀ ਮਨਜੂਰੀ ਸਹਿਤ ਹੁੰਦੇ ਹਨ ਅਤੇ ਉਹਨਾਂ ਦਾ ਪਾਲਣ ਕਰਨਾ ਸਾਰੇ ਅਧਿਕਾਰੀਆਂ ਦਾ ਮੁੱਖ ਫਰਜ ਹੈ।

ਮਾਤਾ ਪਿਤਾ ਜਾਂ ਵਿਦਿਆਰਥੀ ਜੋ ਕਿ 18 ਸਾਲ ਪੂਰਾ ਹੋ ਜਾਵੇ ਸਪੈਸ਼ਲ ਸਿੱਖਿਆ ਸੇਵਾਵਾਂ ਨੂੰ ਗੈਰਮਨਜ਼ੂਰੀ ਦੇ ਸਕਦੇ ਹਨ। ਇਹ ਗੈਰਮਨਜ਼ੂਰੀ ਲਿਖਤੀ ਰੂਪ ਵਿਚ ਸਕੂਲ ਜਾਂ ਜੋ ਵੀ ਅਜੈਂਸੀ ਸੇਵਾ ਮੁਹੱਈਆ ਕਰਵਾਉਂਦੀ ਹੈ ਉਸ ਨੂੰ ਦੇਣੀ ਹੁੰਦੀ ਹੈ। ਜ਼ਿਲਾ ਅਧਿਕਾਰੀ ਪਰਾਇਰ ਲਿਖਤੀ ਰੂਪ ਦੇ ਨੋਟਿਸ ਰਾਹੀਂ ਸੇਵਾਵਾਂ ਰੱਦ ਕਰ ਸਕਦੇ ਹਨ। ਉਸ ਦੇ ਉਪਰੰਤ ਵਿਦਿਆਰਥੀ ਜਨਰਲ ਸਿੱਖਿਆ ਦਾ ਹਿੱਸਾ ਮੰਨਿਆ ਜਾਂਦਾ ਹੈ।

ਮਾਤਾ ਪਿਤਾ ਨੂੰ ਜ਼ਿਲੇ ਵਲੋਂ ਨੋਟਿਸ

ਐਲ.ਈ.ਏ ਨੂੰ ਹਦਾਇਤ ਹੁੰਦੀ ਹੈ ਕਿ ਉਹ ਆਪਣਾ ਨੋਟਿਸ ਲਿਖਤੀ ਰੂਪ ਵਿਚ ਮਾਤਾ ਪਿਤਾ ਨੂੰ ਭੇਜਣ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾ ਸਾਰੇ ਹੀ ਮੁੱਦਿਆ ਉਤੇ ਚਰਚਾ ਕੀਤੀ ਜਾਂਦੀ ਹੈ ਜਿਹਨਾਂ ਦਾ ਵਿਸਥਾਰ ਹੇਠ ਲਿਖਿਆ ਹੈ:

- ਵਿਸਥਾਰ ਨਾਲ ਮਾਤਾ ਪਿਤਾ ਦੇ ਹੱਕਾਂ ਦਾ ਵਰਨਣ ਇਸ ਨੋਟਿਸ ਵਿਚ ਕੀਤਾ ਜਾਂਦਾ ਹੈ
- ਵਿਸਥਾਰ ਨਾਲ ਐਲ.ਈ.ਏ ਵਲੋਂ ਲਏ ਜਾਣ ਵਾਲੇ ਫੈਸਲੇ ਅਤੇ ਉਹਨਾਂ ਫੈਸਲਿਆ ਦੇ ਪਿੱਛੇ ਕਾਰਨਾਂ ਦਾ ਵਰਨਣ ਦੱਸਿਆ ਜਾਂਦਾ ਹੈ। ਉਹਨਾਂ ਫੈਸਲਿਆਂ ਦੀ ਮਨਜ਼ੂਰੀ ਜਾਂ ਗੈਰ ਮਨਜ਼ੂਰੀ ਦੇ ਕਾਰਨ ਦੱਸੇ ਜਾਂਦੇ ਹਨ।
- ਹਰ ਤਰਾਂ ਦੀ ਪ੍ਰੀਖਿਆ ਦਾ ਵੇਰਵਾ ਅਤੇ ਮਨਜ਼ੂਰੀ ਜਾਂ ਗੈਰ ਮਨਜ਼ੂਰੀ ਦਾ ਕਾਰਨ ਦੱਸਿਆ ਜਾਂਦਾ ਹੈ।
- ਹੋਰ ਆਧਾਰ ਜੋ ਫੈਸਲੇ ਵਿਚ ਬਦਲਾਅ ਕਰ ਸਕਣ ਉਹਨਾਂ ਦਾ ਵਰਨਣ ਕੀਤਾ ਜਾਂਦਾ ਹੈ।
- ਮਾਤਾ ਪਿਤਾ ਆਪਣੇ ਹੱਕਾਂ ਨੂੰ ਸਮਝਣ ਵਿਚ ਕਿਸੇ ਵੀ ਅਧਿਕਾਰੀ ਦੀ ਮਦਦ ਲੈ ਸਕਦੇ ਹਨ ਜਾਂ ਸੈਲਪਾ ਦੇ ਡਾਇਰੈਕਟਰ ਨੂੰ (661)-827-4529 ਜਾਂ ਸਟੇਟ ਦੇ ਡਿਪਾਰਟਮੈਂਟ ਅਧਿਕਾਰੀ ਦੀ ਮਦਦ ਲਈ ਕਹਿ ਸਕਦੇ ਹਨ।

ਨੋਟਿਸ ਉਸ ਭਾਸ਼ਾ ਵਿਚ ਲਿਖਿਆ ਜਾਂਦਾ ਹੈ ਜੋ ਕਿ ਜਨਰਲ ਪਬਲਿਕ ਦੇ ਲੋਕ ਸਮਝ ਸਕਣ ਤਾਂ ਉਹ ਮਾਤਾ ਪਿਤਾ ਦੀ ਮਾਤਰ ਭਾਸ਼ਾ ਵਿਚ ਤਬਦੀਲ ਕੀਤਾ ਜਾਂਦਾ ਹੈ। ਜੇ ਮਾਤਰ ਭਾਸ਼ਾ ਲਿਖਤੀ ਰੂਪ ਵਿਚ ਨਹੀ ਹੈ ਤਾਂ ਮੂੰਹ ਜ਼ੁਬਾਨੀ ਸੁਨਾਉਣ ਦੀ ਸੇਵਾ ਮੁਹੱਈਆ ਕਰਵਾਈ ਜਾਂਦੀ ਹੈ। ਇਸ ਲਈ ਕਿ ਮਾਤਾ ਪਿਤਾ ਨੂੰ ਸਹੀ ਤਰੀਕੇ ਨਾਲ ਨੋਟਿਸ ਦੀ ਭਾਸ਼ਾ ਸਮਝਾਈ ਜਾ ਸਕੇ। ਐਲ.ਈ.ਏ ਲਿਖਤੀ ਰੂਪ ਵਿਚ ਸਾਰੇ ਰਿਕਾਰਡ ਸੰਭਾਲਕੇ ਰੱਖਦੀ ਹੈ।

ਮੁਤਰਏ ਮਾਤਾ ਪਿਤਾ

ਹਰ ਇਕ ਐਲ.ਈ.ਏ ਦਾ ਫਰਜ਼ ਬਣਦਾ ਹੈ ਕਿ ਜਿਸ ਬੱਚੇ ਦੇ ਮਾਤਾ ਪਿਤਾ ਉਸਦੀ ਜ਼ਿੰਦਗੀ ਵਿਚ ਗੈਰਹਾਜ਼ਰ ਹੋਣ ਉਸਨੂੰ ਸਟੇਟ ਵਲੋਂ ਅਧਿਕਾਰੀ ਆਪਣੇ ਤੌਰ ਤੇ ਪਰਿਵਾਰ ਦੇਣ ਦੀ ਸੇਵਾ ਕਰਨ। ਸਟੇਟ ਦੇ ਆਧਾਰਾਂ ਵਿਚ ਲਿਖਿਆ ਗਿਆ ਹੈ ਕਿ ਜਿਸ ਬੱਚੇ ਨੂੰ ਮਾਤਾ ਪਿਤਾ ਵਲੋਂ ਦਿੱਤੇ ਗਏ ਹੱਕਾਂ ਦੀ ਘਾਟ ਹੋਵੇ ਤਾਂ ਉਹ ਸਹੀ ਤੌਰ ਕਚਿਹਰੀ ਦੇ ਸਹਿਤ ਉਹਨਾਂ ਸੇਵਾਵਾਂ ਦਾ ਹੱਕਦਾਰ ਹੈ। ਸਟੇਟ ਵਲੋਂ ਨਿਯੁਕਤ ਕੀਤੇ ਗਏ ਅਧਿਕਾਰੀ ਨੂੰ ਪੂਰਾ ਹੱਕ ਹੈ ਕੇ ਬੱਚੇ ਦੇ ਸਿਹਤ ਅਤੇ ਵਿਦਿਆ ਆਧਾਰਤ ਫੈਸਲਾ ਲੈ ਸਕੇ ਜੋ ਕਿ ਬੱਚੇ ਦੀ ਜ਼ਿੰਦਗੀ ਲਈ ਫਾਇਦੇਮੰਦ ਹੋਵੇ। ਐਲ.ਈ.ਏ ਕੋਲ ਖਾਸ ਤਰੀਕੇ ਹਨ ਜਿਹਨਾਂ ਨਾਲ ਸੌਂਪ ਹੋ ਸਕਦਾ ਹੈ ਕਿ ਬੱਚੇ ਨੂੰ ਸਟੇਟ ਅਧਿਕਾਰੀ ਜੋ ਮਾਤਾ ਪਿਤਾ ਦੀ ਸੇਵਾ ਤੌਰ ਤੇ ਹਾਜ਼ਰ ਹੋਣ ਦੀ ਲੋੜ ਹੈ ਜਾਂ ਨਹੀ। ਐਲ.ਈ.ਏ ਨੂੰ ਪੂਰਾ ਹੱਕ ਹੈ ਕਿ ਉਹ ਸਟੇਟ ਅਧਿਕਾਰੀ ਦੀ ਚੋਣ ਕਰ ਸਕੇ ਪਰ ਉਸ ਲਈ ਸਟੇਟ ਦੀਆਂ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਚੁਣਿਆ ਗਿਆ ਅਧਿਕਾਰੀ ਐਲ.ਈ.ਏ. ਦਾ ਵਰਕਰ ਜਾਂ ਕਰਮਚਾਰੀ ਨਹੀ ਹੋ ਸਕਦਾ। ਉਸਦਾ ਕੋਈ ਵੀ ਹੱਕ ਐਲ.ਈ.ਏ ਦੇ ਦਿੱਤੇ ਗਏ ਹੱਕਾਂ ਤੋਂ ਬਾਹਰ ਨਹੀ ਹੋ ਸਕਦਾ। ਉਸ ਅਧਿਕਾਰੀ ਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਜਦੋ ਕਿਸ ਦੀ ਕਿਸੇ ਦੀ ਗੱਲ ਹੋਵੇ ਤਾਂ ਕਿ ਸਹੀ ਫੈਸਲਾ ਲਿਆ ਜਾ ਸਕੇ। ਅਧਿਕਾਰੀ ਨੂੰ ਇਸ ਪਦਵੀ ਦਿਤੀ ਗਈ ਰਾਸ਼ੀ ਦਾ ਮਤਲਬ ਇਹ ਨਹੀ ਕਿ ਉਹ ਸਟੇਟ ਜਾਂ ਐਲ.ਈ.ਏ ਦਾ ਆਪਣਾ ਕਰਮਚਾਰੀ ਹੈ। ਅਧਿਕਾਰੀ ਜੋ ਮਾਤਾ ਪਿਤਾ ਦੀ ਥਾਂ ਤੇ ਚੁਣਿਆ ਜਾਵੇ ਉਸ ਨੂੰ ਬੱਚੇ ਦੀ ਜ਼ਿੰਦਗੀ ਦੇ ਹਰ ਫੈਸਲੇ ਲੈਣ ਦਾ ਹੱਕ ਹੈ ਜੋ ਉਸ ਦੀ ਪੜ੍ਹਾਈ ਦੇ ਤੌਰ ਤੇ ਹੋਵੇ ਜਾਂ ਸਿਹਤ ਦੇ ਮਾਮਲੇ ਵਿਚ। ਬੱਚੇ ਦਾ ਸਹੀ ਪਾਲਣ ਪੋਸ਼ਣ ਹੋਣਾ ਹੀ ਅਹਿਮ ਮੰਨਿਆ ਜਾਂਦਾ ਹੈ।

ਦਿਟੈਂਸ਼ਨਮੇਨਜ਼ : ਜਨਰਲ ਸਿੱਖਿਆ ਦੀ ਪ੍ਰੀਖਿਆ ਵਿਚ ਹਿੱਸਾ

ਜਿਨਾਂ ਬੱਚਿਆਂ ਨੂੰ ਮਾਨਸਿਕ ਤੌਰ ਤੇ ਕਮਜ਼ੋਰੀ ਹੈ ਉਹਨਾਂ ਸਟੇਟ ਪ੍ਰੀਖਿਆ ਲੋੜੀਂਦੇ ਬਦਲਾਅ ਦੇ ਆਧਾਰਤ ਦਿੱਤੀ ਜਾਂਦੀ ਹੈ।

ਇੰਡੀਵਿਜੂਅਲ ਅਸੈਸਮੈਂਟ

ਬੱਚੇ ਨੂੰ ਹਰ ਤਰਾਂ ਦੀ ਪ੍ਰੀਖਿਆ ਵਿਚ ਹਿੱਸਾ ਦਿੱਤਾ ਜਾਂਦਾ ਹੈ ਤਾਂ ਕਿ ਉਸ ਦੀਆਂ ਲੋੜਾਂ ਮੁਤਾਬਕ ਸਪੈਸ਼ਲ ਸਿੱਖਿਆ ਵਲੋਂ ਸਹੀ ਸੇਵਾਵਾਂ ਦਿੱਤੀਆ ਜਾ ਸਕਣ। ਇਸ ਦੀ ਪ੍ਰੀਖਿਆ ਤੋਂ ਪਹਿਲਾਂ ਮਾਤਾ ਪਿਤਾ ਨੂੰ ਵਿਸਥਾਰ ਵਿਚ ਲਿਖਤੀ ਰੂਪ ਰਾਹੀਂ ਇਤਲਾਹ ਕੀਤੀ ਜਾਂਦੀ ਹੈ। ਮਾਤਾ ਪਿਤਾ ਦੀ ਮਨਜ਼ੂਰੀ ਉਪਰੰਤ ਹੀ ਸਕੂਲ ਵਲੋਂ ਪ੍ਰੀਖਿਆ ਦਿੱਤੀ ਜਾ ਸਕਦੀ ਹੈ। ਮਾਤਾ ਪਿਤਾ ਕੋਲ ਮਨਜ਼ੂਰੀ ਦੇਣ ਲਈ 15 ਦਿਨ ਦਾ ਸਮਾਂ ਹੁੰਦਾ ਹੈ। ਆਈ.ਈ.ਪੀ ਟੀਮ ਮੀਟਿੰਗ ਕਰਕੇ ਨਤੀਜੇ ਦਾ ਵਿਸਥਾਰ ਅਤੇ ਮੁੱਖ ਲੋੜਾਂ ਤੇ ਚਰਚਾ ਕਰਦੀ ਹੈ।

ਬੱਚੇ ਦੀਆਂ ਸਪੈਸ਼ਲ ਸਿੱਖਿਆ ਸੇਵਾਵਾਂ ਰੱਦ ਕਰਨ ਤੋਂ ਪਹਿਲਾਂ ਉਸ ਦੀ ਪ੍ਰੀਖਿਆ ਜ਼ਰੂਰੀ ਸਮਝੀ ਜਾਂਦੀ ਹੈ।

ਮਾਤਾ ਪਿਤਾ ਕੋਲ ਹੱਕ ਹਨ: ਉਹ ਪ੍ਰੀਖਿਆ ਆਧਾਰਤ ਸਵਾਲ ਕਰ ਸਕਦੇ ਹਨ ਅਤੇ ਐਲ.ਈ.ਏ ਨੂੰ ਲਿਖਤੀ ਰੂਪ ਵਿਚ ਹਦਾਇਤ ਦੇ ਸਕਦੇ ਹਨ।

- ਮਾਤਾ ਪਿਤਾ ਦਿੱਤੇ ਜਾਣ ਵਾਲੇ ਹਰ ਤਰਾਂ ਦੇ ਪ੍ਰੀਖਿਆ ਦੀ ਮੰਗ ਕਰ ਸਕਦੇ ਹਨ ਜਿਸ ਵਿਚ ਹਰ ਤਰਾਂ ਦਾ ਵਿਸਥਾਰ ਹੋਵੇ। ਉਹ ਆਪਣੀ ਮਾਤਰ ਭਾਸ਼ਾ ਵਿਚ ਉਸ ਦੀ ਕਾਪੀ ਦਿੱਤੇ ਜਾਣ ਦੀ ਮੰਗ ਕਰ ਸਕਦੇ ਹਨ।
- ਅਸੈਸਮੈਂਟ ਦੀ ਵਿਸਥਾਰ ਆਪਣੀ ਬੋਲੀ ਜਾਂ ਜਿਸ ਆਧਾਰ ਵਿਚ ਸਮਝ ਆ ਸਕੇ ਉਸ ਦੀ ਮੰਗ ਕੀਤੀ ਜਾ ਸਕਦੀ ਹੈ।
- ਮਾਤਾ ਪਿਤਾ ਕੋਲ ਹੱਕ ਹੈ ਕਿ ਉਹ ਹਰ ਤਰਾਂ ਦੀ ਲਈ ਜਾਣ ਵਾਲੀ ਪ੍ਰੀਖਿਆ ਦੇ ਵੇਰਵੇ ਦੀ ਮੰਗ ਕਰ ਸਕਦੇ ਹਨ।
- ਮਾਤਾ ਪਿਤਾ ਨੂੰ ਪ੍ਰੀਖਿਆ ਆਧਾਰਤ ਹਰ ਤਰਾਂ ਦੀ ਸੇਵਾ ਮੁਫਤ ਮੁਹੱਈਆ ਕਰਵਾਈ ਜਾਂਦੀ ਹੈ ਅਤੇ ਕਿਸੇ ਪ੍ਰਕਾਰ ਦਾ ਖਰਚਾ ਨਹੀ ਲਿਆ ਜਾਂਦਾ।
- ਹੱਕਾਂ ਆਧਾਰਤ ਉਹ ਐਲ.ਈ.ਏ ਤੋ ਹਰ ਨਤੀਜੇ ਨੂੰ ਲਿਖਤੀ ਰੂਪ ਵਿਚ ਦੇਖਣ ਦੇ ਹੱਕਦਾਰ ਹਨ।
- ਹਰ ਲਈ ਜਾਣ ਵਾਲੀ ਪ੍ਰੀਖਿਆ ਦਾ ਕੋਈ ਖਰਚਾ ਨਹੀ ਲਿਆ ਜਾਂਦਾ ਅਤੇ ਆਪਣੀ ਮਾਤਰ ਭਾਸ਼ਾ ਵਿਚ ਵਿਸਥਾਰ ਦੀ ਮੰਗ ਕਰ ਸਕਦੇ ਹਨ।
- ਹਰ ਪ੍ਰੀਖਿਆ ਵਿਚ ਵਰਤੇ ਜਾਣ ਵਾਲੇ ਆਧਾਰ ਸਮੇ ਨਾਲ ਬਦਲਦੇ ਹਨ ਤਾਂ ਕਿ ਉਹਨਾਂ ਦੀ ਲੋੜ ਸਟੇਟ ਦੇ ਅਨੁਸਾਰ ਸਹੀ ਤਰੀਕੇ ਨਾਲ ਵਰਤੋ ਵਿਚ ਆਉਂਦੀ ਰਹੇ।

ਹਰ ਤਰਾਂ ਦੀ ਪ੍ਰੀਖਿਆ ਸਿੱਖੇ ਹੋਏ ਅਧਿਕਾਰੀਆਂ ਵਲੋਂ ਦਿੱਤੀ ਜਾਂਦੀ ਹੈ। ਉਹਨਾਂ ਦਾ ਮਕਸਦ ਬੱਚੇ ਦੀਆਂ ਸਹੀ ਕਮਜ਼ੋਰੀਆਂ ਦੀ ਪਹਿਚਾਣ ਕਰਨ ਦਾ ਹੁੰਦਾ ਹੈ।

- ਹਰ ਤਰਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਜਦੋਂ ਕਿਸੇ ਵੀ ਤਰਾਂ ਦਾ ਟੈਸਟ ਲਿਆ ਜਾਵੇ। ਉਹਨਾਂ ਦੇ ਨਤੀਜਿਆਂ ਦੀ ਰਿਪੋਰਟ ਮਾਤਾ ਪਿਤਾ ਨੂੰ ਲਿਖਤੀ ਰੂਪ ਵਿਚ ਦਿੱਤੀ ਜਾਂਦੀ ਹੈ। ਮਾਤਾ ਪਿਤਾ ਦੀ ਮਨਜ਼ੂਰੀ ਤੋਂ ਬਗੈਰ ਕਿਸ ਤਰਾਂ ਦਾ ਫੈਸਲਾ ਨਹੀ ਲਿਆ ਜਾਂਦਾ।
- ਮਾਤਾ ਪਿਤਾ ਕੋਲ ਹੱਕ ਹੈ ਕਿ ਕਿਸੇ ਵੀ ਤਰਾਂ ਦੀ ਜਾਣਕਾਰੀ ਅੱਗੇ ਦੇਣ ਤੋਂ ਪਹਿਲਾ ਉਹਨਾਂ ਦੀ ਮਨਜ਼ੂਰੀ ਲਈ ਜਾਵੇ।
- ਮਾਤਾ ਪਿਤਾ ਨੂੰ ਬੱਚੇ ਦੀ ਤਰੱਕੀ ਬਾਰੇ ਵਿਸਥਾਰ ਵਿਚ ਦੱਸਿਆ ਜਾਂਦਾ ਹੈ।

ਤਿੰਨ ਸਾਲਾਂ ਇਵੈਲੂਏਸ਼ਨ

ਜੇਕਰ ਆਈ.ਪੀ ਦੀ ਟੀਮ ਨੂੰ ਮੁਨਾਸਬ ਲੱਗੇ ਕੇ ਬੱਚੇ ਦੀ ਦੁਬਾਰਾ ਇਵੈਲੂਏਸ਼ਨ ਜ਼ਰੂਰੀ ਹੈ ਤਾਂ ਉਹ ਹਰ ਤਿੰਨ ਸਾਲ ਬਾਅਦ ਹੋ ਸਕਦੀ ਹੈ। ਇਸ ਦਾ ਫੈਸਲਾ ਮਾਤਾ ਪਿਤਾ ਦੀ ਜਾਣਕਾਰੀ ਅਤੇ ਅਧਿਆਪਕਾਂ ਦੀ ਸਲਾਹ ਤੇ ਨਿਰਭਰ ਕਰਦਾ ਹੈ। ਆਈ.ਈ.ਪੀ ਟੀਮ ਸਥਾਨਕ ਮੌਕੇ ਦੇ ਨਤੀਜੇ ਨੂੰ ਮੁੱਖ ਰੱਖਕੇ ਅਤੇ ਮਾਤਾ ਪਿਤਾ ਦੀ ਮਨਜ਼ੂਰੀ ਅਤੇ ਸਲਾਹ ਅਧਾਰਤ ਫੈਸਲਾ ਕਰਦੀ ਹੈ। ਉਸ ਵਿਚ ਅੱਗੇ ਲਿਖੇ ਅੰਕਾਂ ਨੂੰ ਮੁੱਖ ਰੱਖਿਆ ਜਾਂਦਾ ਹੈ। 1) ਕੀ ਬੱਚੇ ਦੀ ਕਮਜ਼ੋਰੀ ਹਾਲੇ ਵੀ ਸਹਿਤ ਜਗਾ ਉਤੇ ਖੜੀ ਹੈ 2) ਉਸ ਦੇ ਸਮੇ ਮੁਤਾਬਕ ਲਏ ਗਏ ਪ੍ਰੀਖਿਆ ਦੇ ਨਤੀਜੇ 3) ਕੀ ਬੱਚੇ ਨੂੰ ਹਾਲ ਵਿਚ ਸਪੈਸ਼ਲ ਸਿੱਖਿਆ ਸੇਵਾਵਾਂ ਦੀ ਜ਼ਰੂਰਤ ਹੈ 4) ਇਸ ਵਿਚ ਇਹ ਤੈਅ ਕੀਤਾ ਜਾਂਦਾ ਹੈ ਕਿ ਬੱਚੇ ਨੂੰ ਮੌਕੇ ਅਨੁਸਾਰ ਮਿਲ ਰਹੀਆਂ ਸੇਵਾਵਾਂ ਵਿਚ ਕਿਸ ਤਰਾਂ ਦੀ ਜਮਾ ਜਾਂ ਘਟਾਉ ਕਰਨ ਦੀ ਜ਼ਰੂਰਤ ਹੈ ਜਾਂ ਨਹੀ ਤਾਂ ਕਿ ਬੱਚਾ ਜਨਰਲ ਸਿੱਖਿਆ ਦੀ ਪੜਾਈ ਵਿਚ ਕਾਮਯਾਬ ਹੋਣ ਦਾ ਸਮਰੱਥਕ ਹੋਵੇ। ਇਸ ਵਿਚ ਮੁੱਖ ਸਜਾਨਾ ਮਕਸਦ ਜੋ ਕਿ ਅਧਿਆਪਕਾਂ ਵੱਲੋਂ ਤੈਅ ਕੀਤੇ ਜਾਂਦੇ ਹਨ ਉਹਨਾਂ ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਮਾਤਾ ਪਿਤਾ ਨੂੰ ਸਾਰੀ ਜਾਣਕਾਰੀ ਲਿਖਤੀ ਰੂਪ ਵਿਚ ਦਿੱਤੀ ਜਾਂਦੀ ਹੈ ਜੇਕਰ ਅਧਿਕਾਰੀ ਕਿਸੇ ਵੀ ਤਰਾਂ ਦੇ ਬਦਲਾਅ ਨੂੰ ਮਹਿਸੂਸ ਕਰਦੇ ਹੋਣ ਜੋ ਬੱਚੇ ਲਈ ਫਾਇਦੇਮੰਦ ਹੋਵੇ। ਜੇਕਰ ਮਾਤਾ ਪਿਤਾ ਮਨਜ਼ੂਰੀ ਦੇਣ ਤਾਂ ਹੀ ਫੇਰ ਬਦਲਾਅ ਕੀਤੇ ਜਾ ਸਕਦੇ ਹਨ।
ਬੱਚੇ ਦੀ ਰੀਇਵੈਲੂਏਸ਼ਨ ਮਾਤਾ ਪਿਤਾ ਦੀ ਮਨਜ਼ੂਰੀ ਤੋਂ ਬਗੈਰ ਵੀ ਹੋ ਸਕਦੀ ਹੈ ਜੇਕਰ ਮਾਤਾ ਪਿਤਾ ਮੌਕੇ ਅਨੁਸਾਰ ਮਨਜ਼ੂਰੀ ਨਾਂ ਦੇ ਸਕਣ।

ਇਕੱਲੇ ਤੌਰ ਤੇ ਕੀਤੀ ਜਾਣ ਵਾਲੀ ਅਸੈਸਮੈਂਟ (ਇਵੈਲੂਏਸ਼ਨ)

ਮਾਤਾ ਪਿਤਾ ਕੋਲ ਹੇਠ ਲਿਖੇ ਹੱਕ ਹਨ:

- ਇਕੱਲੇ ਤੌਰ ਤੇ ਲਈ ਜਾਣਕਾਰੀ ਦੀ ਪ੍ਰੀਖਿਆ ਦੀ ਲਿਖਤੀ ਰੂਪ ਵਿਚ ਮੰਗ ਕੀਤੀ ਜਾ ਸਕਦੀ ਹੈ।
- ਮਾਤਾ ਪਿਤਾ ਆਪਣੇ ਤੌਰ ਤੇ ਵੀ ਬੱਚੇ ਦਾ ਟੈਸਟ ਕਰਵਾ ਸਕਦੇ ਹਨ ਜਿਹਨਾਂ ਦਾ ਕੋਈ ਵੀ ਤਰਾਂ ਦਾ ਖਰਚਾ ਨਹੀ ਹੁੰਦਾ। ਉਸ ਉਪਰੰਤ ਐਲ.ਈ.ਏ ਇਹ ਕਹਿ ਸਕਦੇ ਹਨ ਕਿ ਉਹਨਾਂ ਦੀ ਪ੍ਰੀਖਿਆ ਵੀ ਸਹੀ ਵਜ਼ਨ ਰੱਖਦੀ ਹੈ। ਜੇਕਰ ਅਖੀਰ ਫੈਸਲਾ ਇਹ ਹੈ ਕਿ ਐਲ.ਈ.ਏ ਦੀ ਪ੍ਰੀਖਿਆ ਚੰਗੀ ਹੈ ਅਤੇ ਫੇਰ ਵੀ ਮਾਤਾ ਪਿਤਾ ਬਾਹਰਲੀ ਅਜੰਸੀ ਨੂੰ ਮਾਨਤਾ ਦਿੰਦੇ ਹਨ ਤਾਂ ਬਾਹਰੋ ਕਰਵਾਈ ਪ੍ਰੀਖਿਆ ਦਾ ਖਰਚਾ ਮਾਤਾ ਪਿਤਾ ਦੇ ਸਿਰ ਹੋਵੇਗਾ। ਜੇਕਰ ਮਾਤਾ ਪਿਤਾ ਬਾਹਰਲੀ ਅਜੰਸੀ ਤੋਂ ਟੈਸਟ ਕਰਵਾਉਣਾ ਚਾਹੁੰਦੇ ਹਨ ਤਾਂ ਉਸਨੂੰ ਐਲ.ਈ.ਏ ਦੀ ਮਾਨਤਾ ਜ਼ਰੂਰੀ ਹੈ ਅਤੇ ਸਹੀ ਤਰੀਕੇ ਨਾਲ ਸਾਰੇ ਸਬੂਤ ਪੇਸ਼ ਕਰਨੇ ਜ਼ਰੂਰੀ ਮੰਨੇ ਜਾਂਦੇ ਹਨ। ਹਰ ਇਕ ਪ੍ਰੀਖਿਆ ਨੂੰ ਸਕੂਲ ਅਤੇ ਸਟੇਟ ਵੱਲੋਂ ਮਾਨਤਾ ਮਿਲਣ ਉਪਰੰਤ ਹੀ ਸਹੀ ਮੰਨਿਆ ਜਾਂਦਾ ਹੈ। ਸਾਰੇ ਤਰਾਂ ਦੇ ਸਬੂਤ ਦੀ ਸੁਣਵਾਈ ਇਕ ਪੈਨਲ ਦੇ ਸਾਹਮਣੇ ਹੋਣੀ ਜ਼ਰੂਰੀ ਹੁੰਦੀ ਹੈ।
- ਜੇਕਰ ਪੈਨਲ ਅਧਿਕਾਰੀ ਆਪਣੇ ਤੌਰ ਤੇ ਪ੍ਰੀਖਿਆ ਲੈਣੀ ਚਾਹੁੰਦੇ ਹੋਣ ਤਾਂ ਉਸਦਾ ਖਰਚਾ ਜਨਰਲ ਪਬਲਿਕ ਦੇ ਸਿਰ ਹੁੰਦਾ ਹੈ। ਹਰ ਇਕ ਐਲ.ਈ.ਏ. ਮਾਤਾ ਪਿਤਾ ਨੂੰ ਲਈ ਜਾਣ ਵਾਲੀ ਪ੍ਰੀਖਿਆ ਦਾ ਵਿਸਥਾਰ ਲਿਖਤੀ ਰੂਪ ਵਿਚ ਦੇਵੇਗੀ। ਜਦੋਂ ਵੀ ਕਿਸੇ ਟੈਸਟ ਜਾਂ ਪ੍ਰੀਖਿਆ ਦਾ ਖਰਚਾ ਜਨਰਲ ਪਬਲਿਕ ਦੇ ਸਿਰ ਹੋਵੇ ਤਾਂ ਸਾਰੀ ਤਰਾਂ ਦੀ ਜਾਣਕਾਰੀ ਜ਼ਰੂਰੀ ਹੁੰਦੀ ਹੈ। ਜਗਾ ਅਤੇ ਸਮਾਂ ਹੁੰਦੇ ਨਾਲ ਕਿਸ ਤਰਾਂ ਦੇ ਤਰੀਕੇ ਨਾਲ ਪ੍ਰੀਖਿਆ ਹੋਵੇਗੀ ਉਸਦਾ ਸਹੀ ਵਿਸਥਾਰ ਜ਼ਰੂਰੀ ਹੈ।
- ਜਿਸੇ ਅਧਾਰਤ ਹਦਾਇਤਾ ਸਹਿਤ ਬੱਚੇ ਦੀ ਕਲਾਸ ਵਿਚ ਦੇਖ ਰੇਖ ਜ਼ਰੂਰੀ ਹੈ। ਜੇਕਰ ਜ਼ਿਲਾ ਅਧਿਕਾਰੀਆਂ ਨੂੰ ਹੱਕ ਹੈ ਕਿ ਉਹ ਬੱਚੇ ਨੂੰ ਕਲਾਸ ਵਿਚ ਵਿਚਰਦਾ ਵੇਖ ਸਕਣ ਤਾਂ ਉਹ ਹੱਕ ਹਰ ਅਧਿਕਾਰੀ ਨੂੰ ਹੈ ਜਿਸਨੇ ਬੱਚੇ ਦੀ ਪ੍ਰੀਖਿਆ ਲੈਣੀ ਹੈ। ਜੇਕਰ ਜ਼ਿਲਾ ਅਧਿਕਾਰੀਆਂ ਵਲੋਂ ਜਗਾ ਬਦਲਣੀ ਹੈ ਤਾਂ ਪਹਿਲਾਂ ਹੱਕ ਬੱਚੇ ਨੂੰ ਵਿਚਰਦਾ ਦੇਖਣ ਦਾ ਉਸ ਅਧਿਕਾਰੀ ਨੂੰ ਹੈ ਜਿਸਨੇ ਟੈਸਟ ਜਾਂ ਪ੍ਰੀਖਿਆ ਲੈਣੀ ਹੈ।

ਇਕੱਲੇ ਤੌਰ ਤੇ ਦਿੱਤੀ ਜਾਣ ਵਾਲੀ ਸਿੱਖਿਆ ਜਾਂ ਇੰਡੀਵਿਜੁਅਲਾਈਜ਼ਡ ਸਿੱਖਿਆ ਪ੍ਰੋਗਰਾਮ (ਆਈ.ਈ.ਪੀ)

ਜਦੋਂ ਵੀ ਕਿਸੇ ਬੱਚੇ ਨੂੰ ਕਮਜ਼ੋਰੀ ਮਾਨਸਿਕ ਤੌਰ ਤੇ ਹੋਵੇ ਤਾਂ ਉਸ ਲਈ ਪਬਲਿਕ ਸਿੱਖਿਆ ਅਜੰਸੀ ਮੀਟਿੰਗ ਕਰਕੇ ਚਰਚਾ ਕਰਦੀ ਹੈ ਤਾਂ ਕਿ ਬੱਚੇ ਨੂੰ ਉਹ ਸਾਰੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਜਿਸ ਨਾਲ ਉਸਦੀ ਸਕੂਲੀ ਸਿੱਖਿਆ ਚੰਗੀ ਹੋ ਸਕੇ। ਆਈ.ਈ.ਪੀ ਟੀਮ ਸਾਰੇ ਨਤੀਜਿਆਂ ਨੂੰ ਰਿਕਾਰਡ ਵਿਚ ਰੱਖਦੀ ਹੈ ਅਤੇ ਉਸਦੀ ਲਿਖਤੀ ਰੂਪ ਵਿਚ ਕਾਪੀ ਮਾਤਾ ਪਿਤਾ ਨੂੰ ਦਿੱਤੀ ਜਾਂਦੀ ਹੈ। ਇਹ ਸਾਰੀਆਂ ਮੁਲਾਕਾਤਾਂ ਆਈ.ਈ.ਪੀ ਟੀਮ ਖੁੱਦ ਆਪਣੇ ਮੈਂਬਰਾਂ ਨਾਲ ਕਰਦੀ ਹੈ।

ਜੇਕਰ ਮਾਤਾ ਪਿਤਾ ਵਲੋਂ ਲਿਖਤੀ ਰੂਪ ਵਿਚ ਬੇਨਤੀ ਕੀਤੀ ਜਾਵੇ ਕਿ ਆਈ.ਈ.ਪੀ. ਟੀਮ ਦੁਬਾਰਾ ਨਤੀਜਿਆ ਤੇ ਗੌਰ ਕਰੇ ਤਾਂ ਉਸ ਮੀਟਿੰਗ ਦਾ ਆਉਣ ਵਾਲੇ 30 ਦਿਨਾਂ ਵਿਚ ਹੋਣਾ ਲਾਜ਼ਮੀ ਹੁੰਦਾ ਹੈ। ਉਹ 30 ਦਿਨ ਜਿਸ ਦਿਨ ਅਰਜ਼ੀ ਕੀਤੀ ਜਾਵੇ ਉਸ ਤੋਂ ਬਾਅਦ ਹੁੰਦੇ ਹਨ ਅਤੇ ਹਰ ਤਰਾਂ ਦੀ ਸਕੂਲੀ ਛੁੱਟੀ ਵੀ ਉਹਨਾਂ 30 ਦਿਨਾਂ ਦਾ ਹਿੱਸਾ ਗਿਣੀ ਜਾਂਦੀ ਹੈ। ਦੁਬਾਰਾ ਕੀਤੀ ਗਈ ਆਈ.ਈ.ਪੀ ਟੀਮ ਦੀ ਮੀਟਿੰਗ ਦੀ ਰਿਪੋਰਟ 60 ਦਿਨਾਂ ਵਿਚ ਤਿਆਰ ਕਰਨੀ ਜ਼ਰੂਰੀ ਹੁੰਦੀ ਹੈ ਜੇਕਰ ਮਾਤਾ ਪਿਤਾ ਵਲੋਂ ਵਧੇਰੇ ਸਮੇ ਦੀ ਮਨਜ਼ੂਰੀ ਨਾਂ ਦਿੱਤੀ ਜਾਵੇ। ਜੋ ਅਧਿਕਾਰੀ ਆਈ ਈ ਪੀ ਨੂੰ ਮੀਟਿੰਗ ਦਾ ਰੂਪ ਦਿੰਦਾ ਹੈ ਉਸਨੂੰ ਹਰ ਪਹਿਲੂ ਤੇ ਸਪੈਸ਼ਲ ਸਿੱਖਿਆ ਦੀ ਜਾਣਕਾਰੀ ਜ਼ਰੂਰੀ ਹੁੰਦੀ ਹੈ ਅਤੇ ਬੱਚੇ ਦੀ ਹਰ ਤਰਾਂ ਦੀ ਲਈ ਗਈ ਪ੍ਰੀਖਿਆ ਦੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। ਜਦੋਂ ਆਈ.ਈ.ਪੀ ਖਤਮ ਹੋਵੇ ਤਾਂ ਉਸ ਵਲੋਂ ਵੇਰਵਾ ਕਰਕੇ ਉਸਨੂੰ ਲਾਗੂ ਕੀਤਾ ਜਾਂਦਾ ਹੈ। ਆਈ.ਈ.ਪੀ ਦੀ ਕਾਪੀ ਮਾਤਾ ਪਿਤਾ ਦੀ ਮਨਜ਼ੂਰੀ ਉਪਰੰਤ ਉਹਨਾਂ ਨੂੰ ਆਪਣੀ ਮਾਤਰ ਭਾਸ਼ਾ ਵਿਚ ਦਿੱਤੀ ਜਾਂਦੀ ਹੈ। ਉਸਦਾ ਕਿਸੇ ਵੀ ਤਰਾਂ ਦਾ ਖਰਚਾ ਮਾਤਾ ਪਿਤਾ ਕੋਲੋਂ ਨਹੀ ਵਸੂਲ ਕੀਤਾ ਜਾਂਦਾ।

ਆਈ. ਐਫ. ਐਸ.ਪੀ ਜੋ ਕਿ ਇੰਡੀਵਿਜੁਅਲਾਈਜ਼ਡ ਫੈਮਲੀ ਸਰਵਿਸ ਪਲਾਨ ਹੁੰਦਾ ਹੈ ਉਸ ਵਿਚ ਤਿੰਨ ਤੋ ਪੰਜ ਸਾਲ ਬੱਚੇ ਮਾਤਾ ਪਿਤਾ ਦੀ ਲਿਖਤੀ ਮਨਜ਼ੂਰੀ ਸਹਿਤ ਹੁੰਦੇ ਹਨ। ਆਈ.ਈ.ਪੀ. ਟੀਮ ਮਾਤਾ ਪਿਤਾ ਦੀ ਸਲਾਹ ਅਨੁਸਾਰ ਬੱਚੇ ਦੀ ਸਿੱਖਿਆ ਅਧਾਰਤ ਫੈਸਲਾ ਕਰਦੀ ਹੈ।

ਆਈ.ਈ.ਪੀ. ਟੀਮ ਦੇ ਮੈਂਬਰ ਅਤੇ ਉਹਨਾਂ ਦੀਆਂ ਜ਼ਿੰਮੇਵਾਰੀਆਂ

ਆਈ.ਈ.ਪੀ ਟੀਮ ਦੇ ਨੁਮਾਇੰਦੇ:

- ਇਕ ਸਪੈਸ਼ਲ ਸਿੱਖਿਆ ਦਾ ਐਡਮਿਨਿਸਟਰੇਟਰ ਅਧਿਕਾਰੀ (ਜੋ ਕੀ ਬੱਚੇ ਦਾ ਅਧਿਆਪਕ ਨਹੀ ਹੁੰਦਾ) ਸਕੂਲ ਵਲੋਂ ਨਿਯੁਕਤ ਕੀਤਾ ਜਾਂਦਾ ਹੈ।

ਇਹ ਅਧਿਕਾਰੀ ਸਪੈਸ਼ਲ ਸਿੱਖਿਆ ਦਾ ਮੁੱਖ ਨੁਮਾਇੰਦਾ ਹੁੰਦਾ ਹੈ ਜੋ ਸਪੈਸ਼ਲ ਸਿੱਖਿਆ ਦੇ ਹਰ ਮਹਿਕਮੇ ਦੀ ਜਾਣਕਾਰੀ ਰੱਖਦਾ ਹੈ।

* ਬੱਚੇ ਦਾ ਅਧਿਆਪਕ ਇਸ ਮੀਟਿੰਗ ਵਿਚ ਹਾਜ਼ਰ ਹੁੰਦਾ ਹੈ। ਜੇ ਬੱਚੇ ਕੋਲ ਅਧਿਆਪਕ ਨਹੀ ਹੈ ਤਾਂ ਉਸ ਅਧਿਆਪਕ ਸੱਦਾ ਦਿੱਤਾ ਜਾਂਦਾ ਹੈ ਜੋ ਵਿਦਿਆਰਥੀ ਬਾਰੇ ਚੰਗੀ ਜਾਣਕਾਰੀ ਰੱਖਦਾ ਹੋਵੇ। ਉਸ ਅਧਿਆਪਕ ਨੂੰ ਬੱਚੇ ਦੀ ਮਾਨਸਿਕ ਕਮਜ਼ੋਰੀ ਅਤੇ ਸਪੈਸ਼ਲ ਸਿੱਖਿਆ ਸੇਵਾਵਾਂ ਦੀ ਜਾਣਕਾਰੀ ਹੁੰਦੀ ਹੈ। ਜੇ ਕੋਈ ਇਸ ਤਰਾਂ ਦਾ ਅਧਿਆਪਕ ਨਾ ਹੋਵੇ ਤਾਂ ਫਿਰ ਜਨਰਲ ਸਿੱਖਿਆ ਅਧਿਆਪਕ ਨੂੰ ਸੱਦਾ ਦਿੱਤਾ ਜਾਂਦਾ ਹੈ। ਸਪੈਸ਼ਲ ਸਿੱਖਿਆ ਅਧਿਆਪਕ ਅਤੇ ਬੱਚੇ ਦੇ ਮਾਤਾ ਪਿਤਾ ਵੀ ਹਾਜ਼ਰ ਹੁੰਦੇ ਹਨ। ਸਪੈਸ਼ਲ ਸਿੱਖਿਆ ਦੇ ਹੋਰ ਅਧਿਕਾਰੀ ਲੋੜ ਮੁਤਾਬਕ ਇਸ ਮੀਟਿੰਗ ਵਿਚ ਹਾਜ਼ਰੀ ਲਗਵਾਉਂਦੇ ਹਨ।

ਜੇ ਮੁਨਾਸਬ ਹੋਵੇ ਤਾਂ ਆਈ. ਈ. ਪੀ. ਵਿਚ ਹਾਜ਼ਰ ਹੇਠ ਲਿਖੇ ਨੁਮਾਇੰਦੇ ਹੁੰਦੇ ਹਨ:

* ਖੁਦ ਬੱਚਾ ਆਪ ਵੀ ਹਾਜ਼ਰ ਹੁੰਦਾ ਹੈ।
* ਹੋਰ ਅਧਿਕਾਰੀ ਜੋ ਆਈ.ਈ.ਪੀ. ਨੂੰ ਪੂਰਾ ਕਰਨ ਵਿਚ ਮਦਦਗਾਰ ਹੋ ਸਕਣ
* ਜਦੋਂ ਬੱਚੇ ਦੀ ਹਰ ਤਰਾਂ ਨਾਲ ਪਰਖ ਹੋ ਜਾਵੇ ਜਿਸ ਵਿਚ ਆਈ.ਈ.ਪੀ. ਦਾ ਫਾਰਮ ਅਤੇ ਹਰ ਤਰਾਂ ਦੀ ਪ੍ਰੀਖਿਆ ਦਾ ਨਤੀਜਾ ਹੋਵੇ ਅਤੇ ਬੱਚੇ ਨੂੰ ਹਰ ਤਰਾਂ ਦੀ ਜਾਣਕਾਰੀ ਦਿਤੀ ਜਾਂਦੀ ਹੈ।
* ਜਦੋਂ ਵੀ ਬੱਚੇ ਨੂੰ ਕਿਸੇ ਮਾਨਸਿਕ ਕਮਜ਼ੋਰੀ ਦਾ ਹਿੱਸਾ ਸਮਝਿਆ ਜਾਵੇ ਤਾਂ ਅਧਿਆਪਕ ਤੋਂ ਇਲਾਵਾ ਸਪੈਸ਼ਲ ਸਿੱਖਿਆ ਅਧਿਕਾਰੀ ਉਸਦਾ ਫੈਸਲਾ ਲੈਂਦੇ ਹਨ। ਜੇਕਰ ਬੱਚੇ ਦੀ ਉਮਰ 5 ਸਾਲ ਤੋਂ ਘੱਟ ਹੈ ਤਾਂ ਉਸਨੂੰ ਉਸਦੀ ਸਹੀ ਜਗਾ ਵਿਚ ਦੇਖ ਰੇਖ ਦਾ ਫੈਸਲਾ ਕੀਤਾ ਜਾਂਦਾ ਹੈ।

ਹਰ ਇਕ ਐਸ.ਈ.ਏ ਦਾ ਫਰਜ਼ ਹੈ ਕਿ ਉਹ ਮਾਤਾ ਪਿਤਾ ਦੀ ਆਈ.ਈ.ਪੀ. ਮੀਟਿੰਗ ਵਿਚ ਹਾਜ਼ਰੀ ਨੂੰ ਅਹਿਮੀਅਤ ਦੇਣ: ਨੋਟਿਸ ਮਾਤਾ ਪਿਤਾ ਨੂੰ ਪਹਿਲਾ ਪਹੁੰਚਾਇਆ ਜਾਵੇ ਤਾਂ ਕਿ ਮਾਤਾ ਪਿਤਾ ਹਾਜ਼ਰ ਹੋ ਸਕਣ। ਮੀਟਿੰਗ ਦਾ ਸਮਾਂ ਮਾਤਾ ਪਿਤਾ ਨਾਲ ਗੱਲਬਾਤ ਕਰਨ ਤੋਂ ਬਾਅਦ ਤੈਅ ਕੀਤਾ ਜਾਵੇ। ਇਸ ਨੋਟਿਸ ਵਿਚ ਮੁੱਖ ਮਕਸਦ, ਸਮਾਂ ਅਤੇ ਮੀਟਿੰਗ ਦਾ ਸਥਾਨ ਦੱਸਣਾ ਜ਼ਰੂਰੀ ਹੈ। ਐਸ.ਈ.ਏ. ਦਾ ਫਰਜ਼ ਹੈ ਕਿ ਬੋਲੀ ਨੂੰ ਟਰਾਂਸਲੇਟ ਕਰਨ ਲਈ ਅਧਿਕਾਰੀ ਹਾਜ਼ਰ ਹੋਵੇ।

ਆਈ.ਈ.ਪੀ. ਦੀ ਟੀਮ:

* ਸਾਰੇ ਟੈਸਟਾਂ ਦੇ ਨਤੀਜੇ ਉਪਰ ਚਰਚਾ ਕਰਦੀ ਹੈ
* ਬੱਚੇ ਦੀ ਸਿੱਖਿਆ ਪ੍ਰਤੀ ਜਾਣਕਾਰੀ
* ਆਈ.ਈ.ਪੀ. ਦੇ ਮੁੱਖ ਅੰਗਾਂ ਉਪਰ ਚਰਚਾ ਹੁੰਦੀ ਹੈ
* ਟਰਾਂਸਪੋਰਟ ਦੇ ਮੁੱਦੇ ਉਤੇ ਵਿਚਾਰ ਕੀਤਾ ਜਾਂਦਾ ਹੈ
* ਕਿਸ ਪ੍ਰੋਗਰਾਮ ਨੂੰ ਪਹਿਲ ਦੇਣੀ ਹੈ ਉਸਦਾ ਫੈਸਲਾ ਕੀਤਾ ਜਾਂਦਾ ਹੈ
* ਪਬਲਿਕ ਸਿੱਖਿਆ ਮੁਫਤ ਮੁਹੱਈਆ ਕਰਵਾਈ ਜਾਂਦੀ ਹੈ
* ਆਈ.ਈ.ਪੀ ਵਿਚ ਬਦਲਾਅ ਕਿਸੇ ਵੀ ਇਲਜ਼ਾਮ ਲੱਗਣ ਮਗਰੋਂ ਕੀਤੇ ਜਾ ਸਕਦੇ ਹਨ

ਆਈ.ਈ.ਪੀ ਜ਼ਰੂਰੀ ਹੈ ਜਦੋਂ: ਬੱਚੇ ਨੂੰ ਮੁੱਢਲੀ ਪ੍ਰੀਖਿਆ ਮਿਲ ਜਾਵੇ ਅਤੇ ਨਤੀਜੇ ਚਰਚਾ ਲਈ ਹਾਜ਼ਰ ਹੋਏ ਹੋਣ

* ਬੱਚੇ ਵਿਚ ਅੱਗੇ ਵਧਣ ਦੀ ਘਾਟ ਮਹਿਸੂਸ ਹੋਵੇ
* ਮਾਤਾ ਪਿਤਾ ਜਾਂ ਅਧਿਆਪਕਾਂ ਵਲੋਂ ਅਰਜ਼ੀ ਕੀਤੀ ਜਾਵੇ ਤਾਂ ਕਿ ਜ਼ਰੂਰੀ ਬਦਲਾਅ ਕੀਤੇ ਜਾ ਸਕਣ
* ਸਲਾਨਾ ਮੁਲਾਕਾਤ ਜ਼ਰੂਰੀ ਹੈ ਤਾਂ ਕਿ ਲੋੜੀਂਦੇ ਬਦਲਾਅ ਚਰਚਾ ਕਰਨ ਉਪਰੰਤ ਕੀਤੇ ਜਾ ਸਕਦੇ ਹੋਣ ਜੋ ਵਿਦਿਆਰਥੀ ਲਈ ਫਾਇਦੇਮੰਦ ਸਿਧ ਹੋਣ।

ਇੰਡੀਵਿਜੁਅਲਾਈਜ਼ਡ ਸਿੱਖਿਆ ਪ੍ਰੋਗਰਾਮ (ਆਈ.ਈ.ਪੀ)

ਮਾਤਾ ਪਿਤਾ ਕੋਲ ਹੇਠ ਲਿਖੇ ਹੱਕ ਹਨ:

* ਆਈ.ਈ.ਪੀ. ਦਾ ਨੋਟਿਸ ਮਾਤਾ ਪਿਤਾ ਨੂੰ ਉਹਨਾਂ ਦੀ ਮਾਤਰ ਭਾਸ਼ਾ ਵਿਚ ਭੇਜਿਆ ਜਾਵੇ
* ਆਈ.ਈ.ਪੀ. ਨੂੰ ਪੂਰਾ ਕਰਨ ਵਿਚ ਮਾਤਾ ਪਿਤਾ ਸੰਪੂਰਨ ਤਰੀਕੇ ਨਾਲ ਹਿੱਸੇਦਾਰ ਬਣਨ
* ਆਈ.ਈ.ਪੀ. ਦੇ ਮੁੱਖ ਅੰਗਾਂ ਬਾਰੇ ਜਾਣਕਾਰੀ ਵਿਸਥਾਰ ਵਿਚ ਦਿੱਤੀ ਜਾਵੇ
* ਮੀਟਿੰਗ ਤੋਂ ਪਹਿਲਾ ਸੂਚਨਾ ਦਿੱਤੀ ਜਾਵੇ ਅਤੇ ਵਿਦਿਆਰਥੀ ਦੀ ਹਾਜ਼ਰੀ ਨੂੰ ਅਹਿਮੀਅਤ ਦਿੱਤੀ ਜਾਵੇ। ਮਾਤਾ ਪਿਤਾ ਨੂੰ ਹਰ ਤਰਾਂ ਦੀ ਜਾਣਕਾਰੀ ਲੈਣ ਦਾ ਪੂਰਾ ਹੱਕ ਹੈ।
* ਪ੍ਰੀਖਿਆ ਦੇ ਬਾਅਦ 60 ਦਿਨਾਂ ਦੇ ਅੰਦਰ ਆਈ.ਈ.ਪੀ. ਨੂੰ ਪੂਰਾ ਕਰਨਾ ਹੁੰਦਾ ਹੈ। ਇਸ ਵਿਚ ਕੋਈ ਵੀ ਛੁੱਟੀ ਨੂੰ ਪੂਰੇ ਦਿਨ ਦੀ ਤਰਾਂ ਗਿਣ ਲਿਆ ਜਾਂਦਾ ਹੈ।
* ਮਾਤਾ ਪਿਤਾ ਨੂੰ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ।
* ਮੀਟਿੰਗ ਦੌਰਾਨ ਮਾਤਾ ਪਿਤਾ ਨੂੰ ਉਹਨਾਂ ਦੀ ਆਪਣੀ ਮਾਤਰ ਭਾਸ਼ਾ ਵਿਚ ਸਮਝਾਇਆ ਜਾਂਦਾ ਹੈ ਤਾਂ ਕਿ ਉਹਨਾਂ ਨੂੰ ਹਰ ਤਰਾਂ ਦੇ ਮੁੱਦੇ ਤੇ ਸਵਾਲ ਕਰਨ ਵਿਚ ਸੌਖ ਮਹਿਸੂਸ ਹੋਵੇ।
* ਲਿਖਤੀ ਰੂਪ ਵਿਚ ਹਰ ਤਰਾਂ ਦੇ ਹੋਣ ਵਾਲੇ ਬਦਲਾਅ ਦੀ ਜਾਣਕਾਰੀ ਦਿੱਤੀ ਜਾਵੇ।
* ਆਈ.ਈ.ਪੀ ਦੇ ਮੁੱਖ ਅੰਗਾਂ ਦਾ ਸਲਾਨਾ ਫੈਸਲਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਮਾਤਾ ਪਿਤਾ ਦੇ ਲਿਖਤੀ ਰੂਪ ਵਿਚ ਅਰਜ਼ੀ ਦੇਣ ਉਪਰੰਤ ਆਈ.ਈ.ਪੀ. ਵਿਚ ਲੋੜੀਂਦੇ ਬਦਲਾਅ ਕੀਤੇ ਜਾ ਸਕਦੇ ਹਨ। ਜੇ ਵਿਦਿਆਰਥੀ 10 ਦਿਨ ਤੋਂ ਵੱਧ ਸਕੂਲ ਵਿਚੋਂ ਖਾਰਜ ਕੀਤਾ ਜਾਂਦਾ ਹੈ ਤਾਂ ਮੁੜ ਆਈ.ਈ.ਪੀ. ਦੀ ਮੀਟਿੰਗ ਕਰਕੇ ਬਦਲਾਅ ਜ਼ਰੂਰੀ ਸਮਝੇ ਜਾਂਦੇ ਹਨ
* ਮਾਤਾ ਪਿਤਾ ਕੋਲ ਹੱਕ ਹੈ ਕਿ ਉਹ ਆਈ.ਈ.ਪੀ. ਟੀਮ ਦੇ ਦਿੱਤੇ ਗਏ ਫੈਸਲੇ ਨੂੰ ਠੁਕਰਾ ਕੇ ਆਪਣੇ ਤੌਰ ਤੇ ਅਪੀਲ ਕਰ ਸਕਦੇ ਹਨ। ਉਹਨਾਂ ਦੀ ਸੁਣਵਾਈ ਪੂਰੇ ਤੌਰ ਤਰੀਕੇ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੀਤੀ ਜਾਂਦੀ ਹੈ।
* ਮਾਤਾ ਪਿਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਸਪੈਸ਼ਲ ਸਿੱਖਿਆ ਵਿਚ ਹੋਣਾ ਹੱਕ ਨਹੀ ਅਤੇ ਇਹਨਾਂ ਹੱਕਾਂ ਨੂੰ ਕਿਸੇ ਵੀ ਸਮੇ ਵਾਪਸ ਲਿਆ ਜਾ ਸਕਦਾ ਹੈ।
* ਮਾਤਾ ਪਿਤਾ ਨੂੰ ਹੱਕ ਹੈ ਕਿ ਉਹ ਆਈ.ਈ.ਪੀ. ਦੇ ਹਰ ਮੁੱਦੇ ਜਾਂ ਮਕਸਦ ਵਿਚ ਹਿੱਸੇਦਾਰ ਬਣ ਸਕਦੇ ਹਨ।
* ਮਾਤਾ ਪਿਤਾ ਨੂੰ ਹੱਕ ਹੈ ਕਿ ਉਹ ਆਪਣੇ ਬੱਚੇ ਨੂੰ ਕਿਸੇ ਵੀ ਸਕੂਲੀ ਅਧਾਰ ਦਾ ਹਿੱਸਾ ਬਣਾ ਸਕਦੇ ਹਨ।

ਸੋਧਿਆ 8/2014
ਕੇ.ਐਚ.ਐਸ.ਡੀ

* ਆਈ.ਈ.ਪੀ ਟੀਮ ਦੀ ਮੀਟਿੰਗ ਟੇਪ ਰਿਕਾਰਡ ਦੇ ਰਾਹੀਂ ਰਿਕਾਰਡ ਕੀਤੀ ਜਾਂਦੀ ਹੈ ਅਤੇ ਇਸ ਦਾ ਨੋਟਿਸ ੨੪ ਘੰਟੇ ਪਹਿਲਾਂ ਸਾਰੇ ਮੈਂਬਰਾਂ ਨੂੰ ਦਿੱਤਾ ਜਾਂਦਾ ਹੈ।

ਇੰਡੀਵਿਜੂਅਲਾਈਜ਼ਡ ਸਿੱਖਿਆ ਪ੍ਰੋਗਰਾਮ ਦੇ ਮੁੱਖ ਖੇਤਰ

ਆਈ.ਈ.ਪੀ ਦੀ ਰਿਪੋਰਟ ਵਿਚ ਮੌਕੇ ਦੇ ਨਤੀਜੇ, ਮਕਸਦ ਅਤੇ ਸਲਾਨਾ ਗੋਲ, ਅਤੇ ਸਪੈਸ਼ਲ ਸਿੱਖਿਆ ਵਲੋਂ ਦਿੱਤੀਆਂ ਗਈਆਂ ਸੇਵਾਵਾਂ ਦਾ ਵਿਸਥਾਰ ਵਿਚ ਵਰਨਣ ਕੀਤਾ ਗਿਆ ਹੁੰਦਾ ਹੈ। ਇੰਡੀਵਿਜੂਅਲਾਈਜ਼ਡ ਸਿੱਖਿਆ ਪ੍ਰੋਗਰਾਮ (ਆਈ.ਈ.ਪੀ.) ਦੇ ਮੁੱਖ ਅੰਗ ਹੇਠ ਲਿਖੇ ਹਨ:

* ਮੌਕੇ ਅਧਾਰਤ ਬੱਚੇ ਦੀ ਸਕੂਲ ਵਿਚ ਤਰੱਕੀ ਦੀ ਸਥਿਤੀ
* ਸਲਾਨਾ ਅਤੇ ਥੋੜੇ ਸਮੇਂ ਵਿਚ ਪੂਰੇ ਕਰਨ ਵਾਲੇ ਮਕਸਦਾਂ ਦਾ ਵੇਰਵਾ
* ਸਪੈਸ਼ਲ ਸਿੱਖਿਆ ਵਲੋਂ ਬੱਚੇ ਨੂੰ ਪ੍ਰਦਾਨ ਕੀਤੀਆਂ ਗਈਆਂ ਖਾਸ ਸੇਵਾਵਾਂ
* ਬੱਚੇ ਕਿਸ ਮੁਕਾਮ ਤੱਕ ਜਨਰਲ ਸਿੱਖਿਆ ਦਾ ਹਿੱਸਾ ਬਣ ਸਕਦਾ ਹੈ ਉਸ ਦਾ ਖਾਸ ਵੇਰਵਾ
* ਇਹਨਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਸ਼ੁਰੂਆਤੀ ਅਤੇ ਖਾਤਮੇ ਦੀ ਤਰੀਕ ਦੱਸੀ ਜਾਂਦੀ ਹੈ
* ਹਰ ਤਰਾਂ ਦੇ ਟੈਸਟ ਅਤੇ ਨਤੀਜੇ ਜੋ ਕਿ ਸਲਾਨਾ ਮਕਸਦ ਨੂੰ ਹਾਸਲ ਕਰਨ ਲਈ ਹੁੰਦੇ ਹਨ ਸਾਰਿਆਂ ਦਾ ਵਿਸਥਾਰ ਨਾਲ ਵਰਨਣ ਕੀਤਾ ਜਾਂਦਾ ਹੈ
* ਲਿਖਤੀ ਰੂਪ ਬੱਚੇ ਦੀ ਪੜ੍ਹਾਈ ਜੋ ਹਾਈ ਸਕੂਲ ਤੋਂ ਬਾਅਦ ਹੋਵੇਗੀ ਅਤੇ ਉਸਨੂੰ ਕਿਹੜੀ ਏਜੰਸੀ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰੇਗੀ ਉਹਨਾਂ ਦਾ ਵਿਸਥਾਰ ਵਿਚ ਹਰ ਅੰਗ ਨੂੰ ਮੁੱਖ ਰੱਖਕੇ ਵਰਨਣ ਕੀਤਾ ਜਾਂਦਾ ਹੈ। ਇਹ ਸੇਵਾਵਾਂ ਦੀ ਜਾਣਕਾਰੀ 16 ਸਾਲ ਦੀ ਉਮਰ ਹੋਣ ਤੇ ਦਿੱਤੀ ਜਾਂਦੀ ਹੈ ਅਤੇ ਲੋੜ ਮੁਤਾਬਕ ਮੁੱਢਲੀ ਉਮਰ ਵਿਚ ਜਾਰੀ ਰੱਖੀ ਜਾਂਦੀ ਹੈ

ਜਦੋਂ ਮੁਨਾਸਬ ਸਮਝਿਆ ਜਾਵੇਗਾ ਤਾਂ ਆਈ.ਈ.ਪੀ. ਵਿਚ ਹੇਠ ਲਿਖੇ ਅੰਗਾਂ ਦਾ ਉਪਯੋਗ ਹੋ ਸਕਦਾ ਹੈ:

* ਕਿੰਡਰਗਾਰਟਨ ਅਤੇ ਪਹਿਲੀ ਤੋਂ ਛੇਵੀਂ ਜਮਾਤ ਵਿਚ ਪੜਦੇ ਬੱਚਿਆਂ ਦੇ ਕੈਰੀਅਰ ਬਣਨ ਪ੍ਰਤੀ ਵੇਰਵਾ
* 7 ਤੋਂ 12 ਜਮਾਤ ਵਿਚ ਪੜਦੇ ਵਿਦਿਆਰਥੀਆਂ ਨੂੰ ਕੰਮਕਾਰ ਪ੍ਰਤੀ ਸੇਵਾਵਾਂ ਅਤੇ ਉਹਨਾਂ ਦੇ ਮੁੱਖ ਅੰਗਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ।
* ਜਿਹੜੇ ਬੱਚਿਆਂ ਦੀ ਭਾਸ਼ਾ ਅੰਗਰੇਜ਼ੀ ਤੋਂ ਇਲਾਵਾ ਹੈ ਉਹਨਾਂ ਲਈ ਵੱਖ ਮਕਸਦ ਤਿਆਰ ਕੀਤੇ ਜਾਂਦੇ ਹਨ
* ਆਈ.ਈ.ਪੀ. ਟੀਮ ਦੇ ਅਧਾਰ ਤੇ ਸਕੂਲੀ ਸਾਲ ਦਾ ਸਮਾਂ ਵਧਾਇਆ ਜਾ ਸਕਦਾ ਹੈ
* ਸਪੈਸ਼ਲ ਸਿੱਖਿਆ ਤੋਂ ਜਨਰਲ ਸਿੱਖਿਆ ਵਿਚ ਪ੍ਰਵੇਸ਼ ਕਰਨ ਲਈ ਬੱਚੇ ਨੂੰ ਹਰ ਤਰਾਂ ਦੀ ਸੇਵਾ ਮੁਹੱਈਆ ਕਰਵਾਈ ਜਾਂਦੀ ਹੈ ਜੋ ਕਿ ਸਕੂਲ ਵਿਚ ਵਧੇਰੇ ਸਮੇਂ ਤੇ ਜਾਂ ਕੇ ਹੋਰ ਸਥਾਨ ਜਿਸ ਵਿਚ ਸਿੱਖਿਆ ਮਿਲ ਸਕੇ ਉਸ ਤੇ ਨਿਰਭਰ ਕਰਦੀ ਹੈ।
* ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਲਈ ਹਰ ਇਕ ਖਾਸ ਜ਼ਰੂਰਤ ਨੂੰ ਪੂਰਾ ਕਰਨ ਦਾ ਧਿਆਨ ਰੱਖਿਆ ਜਾਂਦਾ ਹੈ।

ਸਟੇਟ ਦੇ ਖਾਸ/ਸਪੈਸ਼ਲ ਸਕੂਲ

ਸਟੇਟ ਵਿਚ ਇਸ ਤਰਾਂ ਦੇ ਸਕੂਲ ਹਨ ਜਿਹਨਾਂ ਵਿਚ ਬੱਚੇ ਜੋ ਬੋਲੇ ਹਨ ਜਾਂ ਅੱਖਾਂ ਦੀ ਕਮਜ਼ੋਰੀ ਕਾਰਨ ਦੇਖ ਨਹੀ ਸਕਦੇ: ਉਹਨਾਂ ਲਈ ਸੇਵਾਵਾਂ ਹੇਠ ਲਿਖੇ ਸਕੂਲਾਂ ਵਿਚ ਉਪਲੱਬਧ ਹਨ: ਕੈਲੀਫੋਰਨੀਆ ਸਕੂਲ ਆਫ ਡੈਫ ਜੋ ਕਿ ਫਰੀਮਾਂਟ ਸ਼ਹਿਰ ਅਤੇ ਰਿਵਰਸਾਈਡ ਵਿਚ ਸਥਾਪਤ ਕੀਤਾ ਗਿਆ ਹੈ। ਅੱਖਾਂ ਦੀ ਕਮਜ਼ੋਰੀ ਮਹਿਸੂਸ ਕਰਦੇ ਬੱਚਿਆਂ ਦਾ ਸਕੂਲ ਕੇਵਲ ਫਰੀਮਾਂਟ ਵਿਚ ਹੀ ਹੈ। ਘਰੇਲੂ ਅਤੇ ਦਿਨ ਦੇ ਟਾਇਮ ਲਈ ਸਕੂਲ 21 ਸਾਲ ਦੇ ਬੋਲੇ ਬੱਚਿਆਂ ਲਈ ਫਰੀਮਾਂਟ ਅਤੇ ਰਿਵਰਸਾਈਡ ਵਿਚ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ 5 ਤੋਂ 21 ਸਾਲ ਵਾਲੇ ਅੱਖਾਂ ਤੋਂ ਕਮਜ਼ੋਰ ਬੱਚਿਆਂ ਲਈ ਸੇਵਾਵਾਂ ਉਪਲੱਬਧ ਹਨ। ਸਟੇਟ ਸਕੂਲਾਂ ਵਲੋਂ ਹਰ ਤਰਾਂ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ ਜੋ ਕਿ ਬੱਚੇ ਲਈ ਅਹਿਮ ਹੈ। ਸਟੇਟ ਸਕੂਲਾਂ ਦੀ ਵਧੇਰੇ ਜਾਣਕਾਰੀ ਤੁਸੀਂ ਇੰਟਰਨੈਟ ਜਾਂ ਆਪਣੇ ਬੱਚੇ ਦੇ ਸਕੂਲ ਵਿਚ ਆਈ.ਈ.ਪੀ. ਅਧਿਕਾਰੀਆਂ ਤੋਂ ਹਾਸਲ ਕਰ ਸਕਦੇ ਹੋ।

ਲੁਕੇ ਅਤੇ ਕਿਸੇ ਨਾਲ ਸਾਂਝੇ ਨਾ ਕਰਨ ਵਾਲੇ ਰਿਕਾਰਡ (ਕਾਨਫੀਡੈਂਸ਼ਲ)

ਰਿਕਾਰਡ ਲਈ ਲੋੜੀਂਦੀ ਜਾਣਕਾਰੀ

ਐਸ.ਈ.ਏ ਬੱਚੇ ਦੇ ਰਿਕਾਰਡ ਕਿਸੇ ਨਾਲ ਵੀ ਮਾਤਾ ਪਿਤਾ ਦੀ ਮਨਜ਼ੂਰੀ ਬਗੈਰ ਸਾਂਝੇ ਨਹੀ ਕਰਦੀ। ਜੇਕਰ ਕਰਨ ਦੀ ਲੋੜ ਪਵੇ ਤਾਂ ਹੇਠ ਲਿਖੇ ਅੰਗਾਂ ਦਾ ਪਾਲਣ ਕਰੋ:

* ਜੇਕਰ ਸਕੂਲ ਅਧਿਕਾਰੀ ਜਿਨਾਂ ਕੋਲ ਬੱਚੇ ਦੀ ਸਿੱਖਿਆ ਵਿਚ ਅਹਿਮ ਭੂਮਿਕਾ ਨਿਭਾਈ ਜਾਣੀ ਹੋਵੇ
* ਸਟੇਟ ਅਧਿਕਾਰੀ ਜੋ ਆਡਿਟ ਦਾ ਵੇਰਵਾ ਕਰਦੇ ਹੋਣ
* ਲਾਅ ਇਨਫੋਰਸਮੈਂਟ ਜਾਂ ਪੁਲਸ ਅਧਿਕਾਰੀ ਜੋ ਸਿੱਖਿਆ ਦੇ ਮਿਆਰ ਦੀ ਪਾਲਣਾ ਕਰਦੇ ਹੋਣ
* ਬੱਚੇ ਦੀ ਉਮਰ 16 ਸਾਲ ਤੋਂ ਵੱਧ ਆਪਣੇ ਰਿਕਾਰਡ ਦੀ ਕਾਪੀ ਦੀ ਮੰਗ ਕਰ ਸਕਦਾ ਹੈ।

ਐਸ.ਈ.ਏ ਹੇਠ ਲਿਖੇ ਅੰਗਾਂ ਅਧਾਰਤ ਵਿਦਿਆਰਥੀ ਦੇ ਰਿਕਾਰਡ ਸਾਂਝੇ ਕਰ ਸਕਦੀ ਹੈ

* ਐਮਰਜੈਂਸੀ ਪੈਣ ਤੇ ਇਹ ਰਿਕਾਰਡ ਬੱਚੇ ਦੀ ਸਹਾਇਤਾ ਕਾਰਨ ਸਾਂਝੇ ਕੀਤੇ ਜਾ ਸਕਦੇ ਹਨ
* ਪੜ੍ਹਾਈ ਪ੍ਰਤੀ ਪੈਸੇ ਦੀ ਸਟੇਟ ਵਲੋਂ ਮਦਦ ਲਈ ਰਿਕਾਰਡ ਸਾਂਝੇ ਕੀਤੇ ਜਾ ਸਕਦੇ ਹਨ
* ਹੋਰਨਾਂ ਏਜੰਸੀਆਂ ਨਾਲ ਜੋ ਸਕੂਲੀ ਪੱਖ ਤੋਂ ਸਾਥ ਦੇ ਰਹੀਆਂ ਹੋਣ
* ਜੋ ਏਜੰਸੀਆਂ ਕਿਸੇ ਪ੍ਰਕਾਰ ਦਾ ਰਿਸਰਚ ਕਰ ਰਹੀਆਂ ਹੋਣ ਉਹ ਰਿਕਾਰਡ ਲੈ ਸਕਦੀਆਂ ਹਨ ਪਰ ਮੁਕੰਮਲ ਹੋਣ ਉਪਰੰਤ ਸਾਰੇ ਰਿਕਾਰਡ ਮਿਟਾਏ ਜਾਂਦੇ ਹਨ।
* ਉਹ ਸਕੂਲ ਅਧਿਕਾਰੀ ਜਿਹਨਾਂ ਦਾ ਵਿਦਿਆਰਥੀ ਹਿੱਸਾ ਹੈ ਉਹ ਰਿਕਾਰਡ ਦੀ ਵਰਤੋਂ ਕਰ ਸਕਦੇ ਹਨ।

ਮਾਤਾ ਪਿਤਾ ਨੂੰ ਪੂਰਾ ਹੱਕ ਹੈ ਕਿ ਉਹ ਬੱਚੇ ਦੇ ਸਕੂਲ ਅਧਾਰਤ ਚੱਲ ਰਹੇ ਹਰ ਪ੍ਰੋਗਰਾਮ ਦਾ ਮੁਆਇਨਾ ਕਿਸੇ ਵੀ ਸਮੇਂ ਲੈ ਸਕਦੇ ਹਨ। ਪਬਲਿਕ ਸਿੱਖਿਆ ਮੁਫਤ ਰੂਪ ਵਿਚ ਦਿੱਤੀ ਜਾਂਦੀ ਹੈ। ਹਰ ਇੱਕ ਏਜੰਸੀ ਜੋ ਉਸ ਨਾਲ ਤਾਲਮੇਲ ਰੱਖਦੀ ਹੈ ਮਾਤਾ ਪਿਤਾ ਉਸ ਬਾਰੇ ਜਾਣਕਾਰੀ ਲੈਣ ਦੇ ਹੱਕਦਾਰ ਹਨ। ਮਾਤਾ ਪਿਤਾ ਦੀ ਅਰਜ਼ੀ ਨੂੰ ਲਿਖੀ ਅਰਜ਼ੀ ਦਾ ਜਵਾਬ ਪੰਜ ਦਿਨ ਦੇ ਅੰਦਰ ਏਜੰਸੀ ਨੂੰ ਦੇਣਾ ਜ਼ਰੂਰੀ ਹੁੰਦਾ ਹੈ। ਇਸ ਵਿਚ ਹਰ ਰਿਕਾਰਡ ਦਾ ਵੇਰਵਾ ਜੋ ਕਿ ਬੱਚੇ ਦੀ ਸਿੱਖਿਆ ਅਧਾਰਤ ਹੋਵੇ ਜਾਂ ਸਿਹਤ ਅਧਾਰਤ ਦਿੱਤਾ ਜਾਣਾ ਲਾਜ਼ਮੀ ਹੁੰਦਾ ਹੈ। ਐਸ.ਈ.ਏ ਇਸ ਪ੍ਰਕਾਰ ਦੀ ਕਿਸੇ ਵੀ ਸੇਵਾ ਦਾ ਖਰਚਾ ਮਾਤਾ ਪਿਤਾ ਕੋਲੋਂ ਵਸੂਲ ਨਹੀ ਕਰ ਸਕਦੀ।

ਮਾਤਾ ਪਿਤਾ ਕੋਲ ਹੱਕ ਹੈ:

- ਆਪਣੀ ਮਾਤ੍ਰ ਭਾਸ਼ਾ ਵਿਚ ਨੋਟਿਸ ਜਿਸ ਵਿਚ ਹਰ ਤਰਾਂ ਦੇ ਵਰਤੇ ਜਾਂਦੇ ਤੌਰ ਤਰੀਕਿਆਂ ਦਾ ਵਿਸਥਾਰ ਕੀਤਾ ਹੋਵੇ। ਰਿਕਾਰਡ ਰੱਖਣ ਦੇ ਹਰ ਪਹਿਲੂ ਨੂੰ ਦੱਸਿਆ ਜਾਵੇ ਜੋ ਕਿ ਪ੍ਰਾਈਵੇਸੀ ਐਕਟ 1974 ਵਿਚ ਦੱਸੇ ਗਏ ਹਨ (ਫਰਪਾ ਦਾ ਐਕਟ ਸਥਾਪਤ ਕੀਤਾ ਗਿਆ ਹੈ)
- ਹਰ ਤਰਾਂ ਦੇ ਰਿਕਾਰਡ ਨੂੰ ਦੇਖਣ ਦੀ ਮੰਗ ਕਰ ਸਕਦੇ ਹਨ ਜੋ ਕਿ ਸੁਣਵਾਈ ਤੋਂ ਪੰਜ ਦਿਨ ਪਹਿਲਾ ਹੋਣੀ ਚਾਹੀਦੀ ਹੈ।
- ਹਰ ਪ੍ਰਕਾਰ ਦੀਆਂ ਏਜੰਸੀਆਂ ਕੋਲੋਂ ਵਿਸਥਾਰ ਨਾਲ ਕੀਤੇ ਵਰਨਣ ਦੀ ਰਿਪੋਰਟ ਮੰਗੀ ਜਾ ਸਕਦੀ ਹੈ।
- ਮਾਤਾ ਪਿਤਾ ਵਲੋਂ ਨਿਯੁਕਤ ਕੀਤਾ ਗਿਆ ਅਧਿਕਾਰੀ ਹਰ ਤਰਾਂ ਦੇ ਰਿਕਾਰਡ ਨੂੰ ਦੇਖ ਸਕਦਾ ਹੈ।
- ਲਿਖਤੀ ਰੂਪ ਵਿਚ ਭੇਜੀ ਗਈ ਅਰਜ਼ੀ ਦੁਆਰਾ 5 ਦਿਨਾਂ ਦੇ ਅੰਦਰ ਰਿਕਾਰਡਾਂ ਦੀ ਕਾਪੀ ਮੁਹੱਈਆ ਕਰਵਾਉਣੀ ਜ਼ਰੂਰੀ ਹੈ।
- ਸਕੂਲੀ ਜ਼ਿਲਾ ਰਿਕਾਰਡ ਨੂੰ ਜਾਰੀ ਕਰਨ ਦੀ ਫੀਸ ਲੈ ਸਕਦਾ ਹੈ ਪਰ ਇਸ ਤਰਾਂ ਦੀ ਕੋਈ ਵੀ ਫੀਸ ਮਾਤਾ ਪਿਤਾ ਨੂੰ ਰਿਕਾਰਡ ਦੇਖਣ ਤੋ ਨਹੀ ਰੋਕ ਸਕਦੀ।

ਇਕ ਦੱਸੀ ਗਈ ਏਜੰਸੀ ਮਾਤਾ ਪਿਤਾ ਤੋਂ ਰਿਕਾਰਡ ਜਾਰੀ ਕਰਨ ਦੀ ਫੀਸ ਲੈ ਸਕਦੀ ਹੈ ਪਰ ਕਾਨੂੰਨੀ ਤੌਰ ਤੇ ਮਾਤਾ ਪਿਤਾ ਨੂੰ ਰਿਕਾਰਡ ਦੇਖਣ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇਕਰ ਏਜੰਸੀ ਨੂੰ ਲਗਦਾ ਹੋਵੇ ਕਿ ਮਾਤਾ ਪਿਤਾ ਰਿਕਾਰਡ ਦੇਖਣ ਦੇ ਸਮਰੱਥਕ ਨਹੀ ਹਨ ਜਾਂ ਉਹ ਰਿਕਾਰਡ ਸਾਂਝੇ ਨਹੀ ਕਰਨਾ ਚਾਹੁੰਦੀ ਤਾਂ ਉਸਨੂੰ ਸਟੇਟ ਦੇ ਲਾਗੂ ਕੀਤੇ ਨਿਯਮਾਂ ਅਨੁਸਾਰ ਇਹ ਗੱਲ ਮਾਤਾ ਪਿਤਾ ਨੂੰ ਦੱਸਣੀ ਹੋਵੇਗੀ। ਹਰ ਇਕ ਐਲ.ਈ.ਏ ਇਸ ਗੱਲ ਦਾ ਰਿਕਾਰਡ ਰੱਖਦੀ ਹੈ ਕਿ ਕਦੋਂ ਕਿਹੜੀ ਗੱਲ ਕਿਸੇ ਨਾਲ ਸਾਂਝੀ ਕੀਤੀ ਗਈ ਅਤੇ ਕਿਹੜੀ ਏਜੰਸੀ ਨੂੰ ਰਿਕਾਰਡ ਦੀ ਕਾਪੀ ਕਿਸ ਅਧਾਰ ਤੇ ਭੇਜੀ ਗਈ ਹੈ। ਉਸਨੂੰ ਇਸ ਗੱਲ ਦਾ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਉਸਨੇ ਕਿਸ ਏਜੰਸੀ ਨੂੰ ਕਿਸ ਪ੍ਰਕਾਰ ਦੀ ਮਨਜ਼ੂਰੀ ਦਿਤੀ ਹੈ। ਜੇਕਰ ਕਿਸੇ ਸਿੱਖਿਆ ਰਿਕਾਰਡ ਤੇ ਇਕ ਤੋਂ ਵੱਧ ਵਿਦਿਆਰਥੀਆਂ ਦੇ ਨਾਮ ਹਨ ਤਾਂ ਮਾਤਾ ਪਿਤਾ ਸਿਰਫ ਆਪਣੇ ਹੀ ਬੱਚੇ ਦਾ ਰਿਕਾਰਡ ਦੇਖਣ ਦੀ ਮੰਗ ਕਰ ਸਕਦੇ ਹਨ।

ਮਾਤਾ ਪਿਤਾ ਦੀ ਬੇਨਤੀ ਅਨੁਸਾਰ ਸਾਰੇ ਰਿਕਾਰਡ ਦੀ ਅਮੈਂਡਮੈਂਟ (ਸ਼ਰਤਾਂ)

ਮਾਤਾ ਪਿਤਾ ਕੋਲ ਹੱਕ ਹੈ ਕਿ ਇਕੱਠੇ ਕੀਤੇ ਗਏ ਰਿਕਾਰਡਾਂ ਦੀ ਕਾਪੀ ਦੀ ਮੰਗ ਕਰ ਸਕਦੇ ਹਨ ਅਤੇ ਹਰ ਇਕ ਜ਼ਿੰਮੇਦਾਰ ਏਜੰਸੀ ਨੂੰ ਪੂਰੇ ਵਿਸਥਾਰ ਨਾਲ ਰਿਕਾਰਡ ਭੇਜਣ ਦਾ ਫਰਜ਼ ਹੈ। ਜੇਕਰ ਮਾਤਾ ਪਿਤਾ ਜਾ ਵਿਦਿਆਰਥੀ ਨੂੰ ਲੱਗੇ ਕਿ ਰਿਕਾਰਡ ਏਜੰਸੀ ਵਲੋਂ ਭੇਜੇ ਗਏ ਨਜਾਇਜ਼ ਜਾਂ ਗਲਤ ਹਨ ਤਾਂ ਉਹ ਏਜੰਸੀ ਨੂੰ ਸਹੀ ਰਿਕਾਰਡ ਮੁਹੱਈਆ ਕਰਵਾਉਣ ਅਤੇ ਪੁਰਾਣੇ ਰਿਕਾਰਡ ਮਿਟਾਉਣ ਦੀ ਮੰਗ ਕਰ ਸਕਦੇ ਹਨ। ਹਰ ਤਰਾਂ ਦੇ ਰਿਕਾਰਡ ਦਾ ਸਹੀ ਮਾਇਨਾ ਹੋਣਾ ਜ਼ਰੂਰੀ ਹੈ। ਏਜੰਸੀ ਨੂੰ ਆਉਣ ਵਾਲੇ 30 ਦਿਨਾਂ ਵਿਚ ਫੈਸਲਾ ਕਰਨਾ ਹੁੰਦਾ ਹੈ ਕਿ ਉਹ ਰਿਕਾਰਡ ਮਾਤਾ ਪਿਤਾ ਦੀ ਲਿਖਤੀ ਮੰਗ ਕਰਨ ਤੋਂ ਬਾਅਦ ਮਿਟਾਉਣਾ ਚਾਹੁੰਦੀ ਹੈ ਜਾਂ ਨਹੀ। ਜੇਕਰ ਏਜੰਸੀ ਫੈਸਲਾ ਕਰ ਦੇਵੇ ਕਿ ਉਹ ਰਿਕਾਰਡ ਨਹੀ ਮਿਟਾਉਣਾ ਚਾਹੁੰਦੀ ਤਾਂ ਉਸਨੂੰ ਮਾਤਾ ਪਿਤਾ ਨੂੰ ਇਤਲਾਹ ਕਰਨੀ ਹੋਵੇਗੀ ਅਤੇ ਲਿਖਤੀ ਰੂਪ ਵਿਚ ਸੁਣਵਾਈ ਕਰਨ ਦਾ ਸੱਦਾ ਦਿੱਤਾ ਜਾਵੇਗਾ। ਸਟੇਟ ਦੇ ਕਾਨੂੰਨ ਅਨੁਸਾਰ ਮਾਤਾ ਪਿਤਾ ਲਿਖਤੀ ਰੂਪ ਵਿਚ ਸੁਪਰਇਨਟੈਂਡਰ ਦੇ ਦਫਤਰ ਅਰਜ਼ੀ ਭੇਜ ਸਕਦੇ ਹਨ ਜਿਹਨਾਂ ਵਿਚ ਲਿਖਿਆ ਹੋਵੇ ਕਿ ਏਜੰਸੀ ਵਲੋਂ ਗਲਤ ਰੱਖੇ ਹੋਏ ਰਿਕਾਰਡ ਤੁਰੰਤ ਮਿਟਾਏ ਜਾਣ। ਅਰਜ਼ੀ ਤੋਂ ਬਾਅਦ ਆਉਣ ਵਾਲੇ 30 ਦਿਨ ਦੇ ਅੰਦਰ ਸੁਪਰਇਨਟੈਂਡਟ ਜਾਂ ਦੱਸੇ ਗਏ ਅਧਿਕਾਰੀ ਦੀ ਮਾਤਾ ਪਿਤਾ ਨਾਲ ਇਸ ਵਿਸ਼ੇ ਤੇ ਚਰਚਾ ਲਈ ਮੁਲਾਕਾਤ ਰੱਖੀ ਜਾਂਦੀ ਹੈ। ਜੇਕਰ ਸੁਪਰਇਨਟੈਂਡਰ ਦੀ ਸਹਿਮਤੀ ਹੋਵੇ ਤਾਂ ਏਜੰਸੀ ਰਿਕਾਰਡ ਸਹੀ ਕੀਤੇ ਜਾਂਦੇ ਹਨ ਜਾਂ ਮਿਟਾਏ ਜਾਂਦੇ ਹਨ। ਜੇਕਰ ਰਜ਼ਾਮੰਦੀ ਨਾਂ ਹੋਵੇ ਤਾਂ ਮਾਤਾ ਪਿਤਾ ਆਉਣ ਵਾਲੇ 30 ਦਿਨ ਵਿਚ ਅਪੀਲ ਦੀ ਅਰਜ਼ੀ ਸਕੂਲ ਬੋਰਡ ਅੱਗੇ ਭੇਜ ਸਕਦੇ ਹਨ। ਅਗਲੇ 30 ਦਿਨ ਅੰਦਰ ਸਕੂਲ ਬੋਰਡ ਅਧਿਕਾਰੀ, ਏਜੰਸੀ ਦੇ ਕਰਮਚਾਰੀ ਅਤੇ ਮਾਤਾ ਪਿਤਾ ਵਿਚਕਾਰ ਮੁਲਾਕਾਤ ਹੁੰਦੀ ਹੈ। ਸਕੂਲ ਬੋਰਡ ਸੁਪਰਇਨਟੈਂਡਰ ਨੂੰ ਹੁਕਮ ਕਰ ਸਕਦਾ ਹੈ ਕਿ ਰਿਕਾਰਡ ਸਹੀ ਕੀਤੇ ਜਾਣ ਜਾਂ ਮਿਟਾਏ ਜਾਣ। ਸਕੂਲ ਬੋਰਡ ਦਾ ਫੈਸਲਾ ਅਖੀਰੀ ਹੁੰਦਾ ਹੈ। ਗਵਰਨਿੰਗ ਬੋਰਡ ਦੇ ਰਿਕਾਰਡ ਇਕ ਸਾਲ ਵਾਸਤੇ ਸੁਰੱਖਿਆ ਰੱਖੇ ਜਾਂਦੇ ਹਨ ਅਤੇ ਉਸ ਤੋਂ ਬਾਅਦ ਮਿਟਾ ਦਿੱਤੇ ਜਾਂਦੇ ਹਨ।

ਹਰ ਮੁੱਦੇ ਤਾਂ ਜਿਕਰ ਹੋਣ ਤੋਂ ਬਾਅਦ ਜਿਸ ਵਿਚ ਸਕੂਲ ਬੋਰਡ, ਮਾਤਾ ਪਿਤਾ, ਅਤੇ ਏਜੰਸੀ ਅਧਿਕਾਰੀ ਹਾਜ਼ਰ ਰਹੇ ਹੋਣ ਅਤੇ ਮਾਤਾਂ ਪਿਤਾ ਉਹਨਾਂ ਨਾਲ ਸਹਿਮਤ ਨਾਂ ਹੁੰਦੇ ਹੋਣ ਤਾਂ ਮਾਤਾ ਪਿਤਾ ਵਲੋਂ ਬੱਚੇ ਦੀ ਜਗਾ ਆਪਣੇ ਤੌਰ ਤੇ ਸਟੇਟਮੈਂਟ ਲਿਖੀ ਜਾ ਸਕਦੀ ਹੈ। ਇਸ ਸਟੇਟਮੈਂਟ ਵਿਚ ਉਹ ਆਪਣੀ ਅਸਹਿਮਤੀ ਦਾ ਲਿਖਤੀ ਰੂਪ ਵਿਚ ਇਜ਼ਹਾਰ ਕਰ ਸਕਦੇ ਹਨ। ਇਹ ਸਟੇਟਮੈਂਟ ਸਾਰੇ ਰਿਕਾਰਡ ਦੇ ਨਾਲ ਏਜੰਸੀ ਅਧਿਕਾਰੀ ਮੁਤਾਬਿਕ ਰੱਖਦੇ ਹਨ। ਜੇ ਰਿਕਾਰਡ ਦੀ ਕਾਪੀ ਕਿਸੇ ਹੋਰ ਏਜੰਸੀ ਜਾਂ ਅਧਿਕਾਰੀ ਨੂੰ ਦਿੱਤੀ ਜਾਂਦੀ ਹੈ ਤਾਂ ਮਾਤਾ ਪਿਤਾ ਦੀ ਲਿਖਤੀ ਸਟੇਟਮੈਂਟ ਨਾਲ ਜਾਂਦੀ ਹੈ। ਜੇਕਰ ਸੁਣਵਾਈ ਤੋਂ ਮਗਰੋਂ ਮਾਤਾ ਪਿਤਾ ਅਤੇ ਏਜੰਸੀ ਅਧਿਕਾਰੀਆਂ ਵਿਚ ਸਹਿਮਤੀ ਹੋਵੇ ਤਾਂ ਰਿਕਾਰਡ ਮਿਟਾਏ ਜਾਂਦੇ ਹਨ।

ਮਾਤਾ ਪਿਤਾ ਦੇ ਘਰ ਦੇ ਪਤੇ ਵਿਚ ਬਦਲਾਅ

ਜਦੋਂ ਵੀ ਵਿਦਿਆਰਥੀ ਕਿਸੇ ਹੋਰ ਜ਼ਿਲੇ ਤੋਂ ਵੱਖਰੇ ਸਕੂਲ ਜ਼ਿਲੇ ਵਿਚ ਪ੍ਰਵੇਸ਼ ਕਰਦਾ ਹੈ ਤਾਂ ਉਸਦੀ ਆਈ.ਈ.ਪੀ. ਨੂੰ ਥੋੜੇ ਸਮੇਂ ਲਈ ਮੁੱਖ ਰੱਖਕੇ ਚੱਲਿਆ ਜਾਂਦਾ ਹੈ। ਇਸ ਦੇ ਲਈ ਮਾਤਾ ਪਿਤਾ ਦੀ ਸਹਿਮਤੀ ਜ਼ਰੂਰੀ ਹੈ। ਅਗਲੇ 30 ਦਿਨ ਅੰਦਰ ਆਈ.ਈ.ਪੀ. ਟੀਮ ਬਦਲਾਅ ਅਧਾਰਤ ਫੈਸਲਾ ਕਰਦੀ ਹੈ। ਬਦਲਾਅ ਕਰਨ ਲਈ ਬੱਚੇ ਦੀ ਪਹਿਲਾਂ ਕੀਤੀ ਗਈ ਆਈ.ਈ.ਪੀ. ਦੇ ਮੁੱਖ ਅੰਕਾਂ ਨੂੰ ਮੁੱਖ ਰੱਖਿਆ ਜਾਂਦਾ ਹੈ ਤਾਂ ਕਿ ਬੱਚੇ ਨੂੰ ਸਹੀ ਸੇਵਾਵਾਂ ਮੁਹੱਈਆ ਕਰਵਾਈਆ ਜਾ ਸਕਣ।

ਜਦੋਂ ਵੀ ਬੱਚੇ ਨੂੰ ਹੋਰ ਏਜੰਸੀ ਦੀਆਂ ਸੇਵਾਵਾਂ ਦਾ ਹਿੱਸਾ ਬਣਾਇਆ ਜਾਂਦਾ ਹੈ ਤਾਂ ਉਸ ਦੀਆਂ ਸਾਰੀਆਂ ਗੱਲਾਂ ਦਾ ਵੇਰਵਾ ਮਾਤਾ ਪਿਤਾ ਨੂੰ ਦਿੱਤਾ ਜਾਂਦਾ ਹੈ। ਮਾਤਾ ਪਿਤਾ ਨੂੰ ਘਰ ਦਾ ਪਤਾ ਬਦਲ ਜਾਣ ਦੀ ਸੂਚਨਾ ਏਜੰਸੀ ਨੂੰ ਦੇਣੀ ਜ਼ਰੂਰੀ ਸਮਝੀ ਜਾਂਦੀ ਹੈ। ਐਲ.ਈ.ਏ ਵਲੋਂ ਹਰ ਤਰਾਂ ਦੇ ਬਦਲਾਅ ਦਾ ਨੋਟਿਸ ਲਿਖਤੀ ਰੂਪ ਵਿਚ ਮਾਤਾ ਪਿਤਾ ਅਤੇ ਜ਼ਿੰਮੇਦਾਰ ਏਜੰਸੀਆਂ ਨੂੰ ਦਿੱਤਾ ਜਾਂਦਾ ਹੈ। ਇਸ ਨੋਟਿਸ ਵਿਚ ਕਾਨਟਰੈਕਟ ਦਾ ਵਿਸਥਾਰ ਜੋ ਕਿ ਐਨ.ਪੀ.ਏ ਅਤੇ ਐਨ.ਪੀ.ਐਸ ਵਿਚ ਹੁੰਦਾ ਹੈ ਅਤੇ ਘਰ ਦਾ ਪਤਾ ਬਦਲ ਜਾਣ ਦੀ ਇਤਲਾਹ ਜ਼ਰੂਰੀ ਹੈ। ਜਦੋਂ ਵੀ ਐਨ.ਪੀ.ਏ ਜਾਂ ਐਨ.ਪੀ.ਐਸ ਵਲੋਂ ਸੇਵਾਵਾਂ ਲੈਂਦੇ ਵਿਅਕਤੀ ਦੇ ਘਰ ਦਾ ਪਤਾ ਬਦਲ ਜਾਵੇ ਤਾਂ ਉਸ ਦੀ ਸੂਚਨਾ ਮਾਤਾ ਪਿਤਾ ਵਲੋਂ ਸਾਰੇ ਜ਼ਿੰਮੇਦਾਰ ਏਜੰਸੀਆਂ ਅਤੇ ਅਧਿਕਾਰੀਆਂ ਦੇਣੀ ਜ਼ਰੂਰੀ ਹੁੰਦੀ ਹੈ। ਇਹ ਸੂਚਨਾ ਬਦਲਾਅ ਦੇ ਹੁੰਦੇ ਸਾਰ ਤੁਰੰਤ ਪਹੁੰਚਾਉਣੀ ਜ਼ਰੂਰੀ ਹੁੰਦੀ ਹੈ।

ਸਜ਼ਾ ਪ੍ਰਤੀ ਚੁੱਕੇ ਜਾਣ ਵਾਲੇ ਕਦਮ (ਜ਼ਿੰਮੇਦਾਰੀ ਐਕਸ਼ਨ)

ਮਾਤਾ ਪਿਤਾ ਕੋਲ ਕਾਨੂੰਨੀ ਹੱਕ ਹੈ ਕਿ ਉਹਨਾਂ ਨੂੰ ਸਜ਼ਾ ਪ੍ਰਤੀ ਚੁੱਕੇ ਜਾਣ ਵਾਲੇ ਹਰ ਕਦਮ ਦੀ ਜਾਣਕਾਰੀ ਲਿਖਤੀ ਰੂਪ ਵਿਚ 10 ਦਿਨਾਂ ਦੇ ਅੰਦਰ ਦਿੱਤੀ ਜਾਵੇ। ਸਕੂਲ ਦੇ ਹੋਣ ਵਾਲੇ ਅਧਿਕਾਰੀ ਸਜ਼ਾ ਕਦਮ ਦਾ ਫੈਸਲਾ ਕਰਨ ਵਾਲੇ ਨੂੰ ਹਰ ਤਰਾਂ ਦੀ ਜਾਣਕਾਰੀ ਅੰਤਿਮ ਮੌਕੇ ਉਤੇ ਪਹੁੰਚਾਉਂਦੇ ਹਨ। ਸਕੂਲ ਜ਼ਿਲਾ ਅਧਿਕਾਰੀ ਬੱਚੇ ਵਲੋਂ ਗਲਤ ਚੁੱਕੇ ਗਏ ਕਦਮ ਜੋ ਕਿਸੇ ਸਜ਼ਾ ਦੇ ਹੱਕਦਾਰ ਹਨ ਉਹਨਾਂ ਬਾਰੇ ਜਾਣਕਾਰੀ ਸੂਝਵਾਨ ਅਧਿਕਾਰੀ ਨੂੰ ਪਹੁੰਚਾਉਂਦੀ ਹੈ। ਮਾਨਸਿਕ ਤੌਰ ਤੇ ਕਮਜ਼ੋਰ ਬੱਚੇ ਦੀ ਕੀਤੀ ਗਲਤੀ ਅਧਾਰਤ ਸਾਰੇ ਰਿਕਾਰਡ ਵਿਸਥਾਰ ਵਿਚ ਭੇਜੇ ਜਾਂਦੇ ਹਨ ਤਾਂ ਕਿ ਸਜ਼ਾ ਮੁਤਾਬਕ ਸਹੀ ਫੈਸਲਾ ਕੀਤਾ ਜਾ ਸਕੇ।

ਸਮਾਪੰਨ: ਸਕੂਲ ਵਿਚ ਕੁਝ ਸਮੇਂ ਲਈ ਖਾਰਜ ਕੀਤੇ ਜਾਣਾ

ਸੋਧਿਆ 8/2014

ਕੇ. ਐਚ. ਐਸ. ਡੀ.

ਮਾਨਸਿਕ ਤੌਰ ਤੇ ਕਮਜ਼ੋਰ ਵਿਦਿਆਰਥੀ ਨੂੰ 10 ਦਿਨ ਤੋਂ ਵਧੇਰੇ ਸਮੇਂ ਲਈ ਸਸਪੈਂਡ ਨਹੀਂ ਕੀਤਾ ਜਾ ਸਕਦਾ ਅਤੇ ਉਸ ਲਈ ਸਾਰੇ ਸਿੱਖਿਆ ਅਧਾਰ ਜੋ ਸਜ਼ਾ ਦੇ ਪਾਤਰ ਹਨ ਦੀ ਪਾਲਣਾ ਕਰਨੀ ਜ਼ਰੂਰੀ ਹੈ। 10 ਦਿਨ ਤੋਂ ਘੱਟ ਸਸਪੈਂਸ਼ਨ ਲਈ ਸਿੱਖਿਆ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਰੂਰਤ ਨਹੀਂ ਹੁੰਦੀ। ਜੇਕਰ ਸਸਪੈਂਸ਼ਨ 10 ਦਿਨਾਂ ਤੋਂ ਜ਼ਿਆਦਾ ਹੈ ਤਾਂ ਕੁਝ ਜ਼ਰੂਰੀ ਅਧਾਰਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ। ਉਸ ਵਿਚ ਆਈ.ਈ.ਪੀ. ਮੀਟਿੰਗ ਕਰਨੀ ਜ਼ਰੂਰੀ ਹੁੰਦੀ ਹੈ ਜਿਸ ਵਿਚ ਸਜ਼ਾ ਦਾ ਮੁੱਦਾ ਅਤੇ ਚਰਚਾ ਕੀਤੀ ਜਾਂਦੀ ਹੈ। ਇਸ ਮੀਟਿੰਗ ਵਿਚ ਵਿਦਿਆਰਥੀ ਦੇ ਸਜ਼ਾ ਪ੍ਰਤੀ ਕਦਮ ਚੁੱਕੇ ਜਾਣ ਤੇ ਗੱਲਬਾਤ ਕੀਤੀ ਜਾਂਦੀ ਹੈ। ਵਿਦਿਆਰਥੀ ਦੇ ਵਿਵਹਾਰ ਨੂੰ ਸਹੀ ਕਰਨ ਲਈ ਸਕੀਮ ਬਣਾਈ ਜਾਂਦੀ ਹੈ ਜਿਸ ਵਿਚ ਵਿਦਿਆਰਥੀ ਦੀ ਮਾਨਸਿਕ ਕਮਜ਼ੋਰੀ ਜਿਸ ਵਜ੍ਹਾ ਨਾਲ ਉਹ ਗਲਤੀ ਕਰਨ ਦਾ ਸਮਰੱਥਕ ਹੋਵੇ ਉਸ ਵਿਸ਼ੇ ਤੇ ਚਰਚਾ ਕੀਤੀ ਜਾਂਦੀ ਹੈ। ਇਸ ਮੀਟਿੰਗ ਵਿਚ ਗੱਲਬਾਤ ਕੀਤੀ ਜਾਂਦੀ ਹੈ ਕਿ ਬੱਚੇ ਦੇ ਵਿਵਹਾਰ ਦੀ ਤਬਦੀਲੀ ਦਾ ਕਾਰਨ ਉਸਦੀ ਮਾਨਸਿਕ ਕਮਜ਼ੋਰੀ ਹੈ ਜਾਂ ਨਹੀਂ। ਮੈਨੀਫੈਸਟੇਸ਼ਨ ਡਿਟਰਮੀਨੇਸ਼ਨ ਵਿਚ ਹਰ ਮੁੱਦੇ ਤੇ ਚਰਚਾ ਕਰਨ ਤੋਂ ਬਾਅਦ ਫੈਸਲਾ ਲਿਆ ਜਾਂਦਾ ਹੈ ਕਿ ਕਿਸ ਤਰੀਕੇ ਦੇ ਅਪਨਾਉਣ ਤੇ ਬੱਚੇ ਨੂੰ ਸਿੱਖਿਆ ਅਤੇ ਵਿਵਹਾਰ ਵਿਚ ਚੰਗਾ ਕਰਨ ਦੀ ਮਦਦ ਹੋ ਸਕਦੀ ਹੈ। 10 ਦਿਨ ਤੋਂ ਜ਼ਿਆਦਾ ਸਸਪੈਂਸ਼ਨ ਹੋਣ ਉਪਰੰਤ ਸਕੂਲ ਦੀ ਜਗ੍ਹਾ ਬਦਲ ਸਕਦੀ ਹੈ।

ਸਕੂਲ ਵਿਚੋਂ ਕੱਢੇ ਜਾਣਾ | ਖਾਰਜ: ਐਕਸਪੱਲਸ਼ਨ

ਬੱਚੇ ਨੂੰ ਸਕੂਲ ਵਿਚੋਂ ਮੁਕੰਮਲ ਤੌਰ ਤੇ ਖਾਰਜ ਕੀਤਾ ਜਾ ਸਕਦਾ ਹੈ ਜਿਨਾਂ ਵਿਚ ਸਾਰੇ ਸਿੱਖਿਆ ਕਾਨੂੰਨ ਦੀ ਪਾਲਣਾ ਕੀਤੀ ਹੋਵੇ। ਜਦੋਂ ਇਹ ਫੈਸਲਾ ਲਿਆ ਜਾਵੇ ਕਿ ਬੱਚੇ ਦੀ ਗਲਤੀ ਕਾਰਨ ਉਸਨੂੰ ਸਕੂਲ ਵਿਚੋਂ ਕੱਢਿਆ ਜਾਵੇਗਾ ਤਾਂ ਆਈ.ਈ.ਪੀ. ਮੀਟਿੰਗ ਹੋਣੀ ਜ਼ਰੂਰੀ ਹੁੰਦੀ ਹੈ। ਇਸ ਆਈ.ਈ.ਪੀ. ਮੀਟਿੰਗ ਵਿਚ ਬੱਚੇ ਦੀ ਕੀਤੀ ਗਲਤੀ ਦੇ ਹਰ ਮੁੱਖ ਅੰਕ ਪੇਸ਼ ਕੀਤੇ ਜਾਂਦੇ ਹਨ। ਇਸ ਵਿਚ ਤੈਅ ਕੀਤਾ ਜਾਂਦਾ ਹੈ ਕਿ ਬੱਚੇ ਦੀ ਅਗਲੇ ਸਕੂਲ ਦੀ ਜਗ੍ਹਾ ਕਿਹੜੀ ਹੋਵੇਗੀ। ਇਸ ਮੀਟਿੰਗ ਦੌਰਾਨ ਬੱਚੇ ਦੀ ਗਲਤੀ ਕਰਨ ਦੇ ਹਾਲਾਤ ਅਤੇ ਮਾਨਸਿਕ ਕਮਜ਼ੋਰੀ ਤੇ ਧਿਆਨ ਦਿੱਤਾ ਜਾਂਦਾ ਹੈ। ਇਸ ਦੌਰਾਨ ਇਕ ਪਲਾਨ ਤਿਆਰ ਕੀਤਾ ਜਾਂਦਾ ਹੈ ਜਿਸ ਵਿਚ ਬੱਚੇ ਨੂੰ ਚੰਗਾ ਕਰਨ ਲਈ ਸਮਾਂ ਅਤੇ ਹੋਰ ਸਕੂਲ ਵਿਚ ਦਾਖਲਾ ਦਿੱਤਾ ਜਾਂਦਾ ਹੈ। ਮਾਤਾ ਪਿਤਾ ਨੂੰ ਹਰ ਅੰਕ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਜੇਕਰ ਉਹ ਰਾਜ਼ੀ ਨਾਂ ਹੋਣ ਤਾਂ ਉਹ ਸਕੂਲ ਬੋਰਡ ਅੱਗੇ ਸੁਣਵਾਈ ਦੀ ਮੰਗ ਕਰ ਸਕਦੇ ਹਨ। ਮਾਤਾ ਪਿਤਾ ਦੀ ਮਨਜ਼ੂਰੀ ਨਾਂ ਹੋਣ ਤੇ ਵੀ ਖਾਰਜ ਕਰਨ ਦਾ ਕੰਮ ਜਾਰੀ ਰੱਖਿਆ ਜਾਂਦਾ ਹੈ। ਜੇਕਰ ਜ਼ਿਲਾ ਬੋਰਡ ਫੈਸਲੇ ਮੁਤਾਬਕ ਬੱਚੇ ਨੂੰ ਖਾਰਜ ਕਰਦਾ ਹੈ ਤਾਂ ਉਸ ਦੌਰਾਨ ਮੁਫਤ ਸਿੱਖਿਆ ਮੁਹੱਈਆ ਕਰਵਾਉਂਦਾ ਹੈ। ਬੱਚੇ ਨੂੰ ਸੁਣਵਾਈ ਅੱਗੇ ਪੇਸ਼ ਹੋਣ ਦਾ ਪੂਰਾ ਹੱਕ ਹੈ। ਜੇ ਫੈਸਲੇ ਮੁਤਾਬਕ ਬੋਰਡ ਖਾਰਜ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਮਾਤਾ ਪਿਤਾ ਕਾਉਂਟੀ ਬੋਰਡ ਵਿਚ ਸੁਣਵਾਈ ਕਰਨ ਦੀ ਅਪੀਲ ਕਰ ਸਕਦੇ ਹਨ।

ਮੈਨੀਫੈਸਟੇਸ਼ਨ ਡਿਟਰਮੀਨੇਸ਼ਨ: ਮਾਨਸਿਕ ਤੌਰ ਤੇ ਕਮਜ਼ੋਰੀ ਕਾਰਨ ਸਕੂਲ ਵਿਚ ਬਦਲਾਅ

ਮਾਤਾ ਪਿਤਾ ਕੋਲ ਹੱਕ ਹੈ ਕਿ ਉਹ ਮੈਨੀਫੈਸਟੇਸ਼ਨ ਦੀ ਮੀਟਿੰਗ ਵਿਚ ਹਿੱਸਾ ਲੈ ਸਕਦੇ ਹਨ ਜਾਂ ਆਪਣੀ ਜਗ੍ਹਾਂ ਤੇ ਕਿਸੇ ਹੋਰ ਅਧਿਕਾਰੀ ਨੂੰ ਭੇਜ ਸਕਦੇ ਹਨ। ਜੇਕਰ ਮਾਤਾ ਪਿਤਾ ਚਾਹੁੰਦੇ ਹੋਣ ਤਾਂ ਇਸ ਮੀਟਿੰਗ ਵਿਚ ਉਹ ਟੈਲੀਫੋਨ ਰਾਹੀਂ ਹਿੱਸਾ ਲੈ ਸਕਦੇ ਹਨ। ਇਹ ਮੀਟਿੰਗ ਮਾਤਾ ਪਿਤਾ ਦੀ ਹਾਜ਼ਰੀ ਬਗੈਰ ਵੀ ਹੋ ਸਕਦੀ ਹੈ ਜੇਕਰ ਮਾਤਾ ਪਿਤਾ ਤੇ ਇਹ ਹੋਰ ਇੰਤਜ਼ਾਰ ਕਰਨ ਦੀ ਅਰਜ਼ੀ ਨਹੀਂ ਕਰਦੇ। ਆਈ.ਈ.ਪੀ ਟੀਮ ਫੈਸਲਾ ਕਰ ਸਕਦੀ ਹੈ ਕਿ ਬੱਚੇ ਦੀ ਕੀਤੀ ਗਈ ਗਲਤੀ ਉਸਦੀ ਮਾਨਸਿਕ ਕਮਜ਼ੋਰੀ ਨਾਲ ਤਾਲੁਕਾਤ ਨਹੀਂ ਰੱਖਦੀ ਪਰ ਇਸ ਤੋਂ ਪਹਿਲਾਂ ਇਸ ਤੋਂ ਪਹਿਲਾ ਸਾਰੇ ਮੁੱਖ ਅੰਕਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ। ਇਹਨਾਂ ਅੰਕਾਂ ਵਿਚ ਮੁੱਖ ਹਨ ਜੋ ਮਾਤਾ ਪਿਤਾ ਵਲੋਂ ਦਿੱਤੀ ਗਈ ਜਾਣਕਾਰੀ, ਬੱਚੇ ਦੀ ਰੋਜ਼ਾਨਾ ਕਲਾਸ ਵਿਚ ਦੇਖ ਰੇਖ ਅਤੇ ਆਈ.ਈ.ਪੀ ਟੀਮ ਵਲੋਂ ਦਿੱਤੇ ਗਏ ਸਹਾਇਕ ਅਧਾਰ ਜੋ ਸਿੱਖਿਆ ਨਾਲ ਤਾਲੁਕਾਤ ਰੱਖਦੇ ਹਨ। ਆਈ.ਈ.ਪੀ ਟੀਮ ਦਾ ਫਰਜ਼ ਹੈ ਕਿ ਉਹ ਇਸ ਗੱਲ ਦਾ ਸਬੂਤ ਦੇਣ ਕਿ ਬੱਚੇ ਦੀ ਸਿੱਖਿਆ ਸਹੀ ਸੇਵਾਵਾਂ ਅਧਾਰਤ ਚੱਲ ਰਹੀ ਹੈ ਅਤੇ ਉਸਦੀ ਗਲਤੀ ਕਿਸੇ ਮਾਨਸਿਕ ਕਮਜ਼ੋਰੀ ਦੇ ਕਾਰਨ ਨਹੀਂ ਕੀਤੀ ਗਈ। ਆਈ.ਈ.ਪੀ. ਟੀਮ ਇਹ ਤੈਅ ਕਰਦੀ ਹੈ ਕਿ ਬੱਚੇ ਦੀ ਗਲਤੀ ਕਿਸੇ ਮਾਨਸਿਕ ਕਮਜ਼ੋਰੀ ਕਾਰਨ ਨਹੀਂ ਹੋਈ ਅਤੇ ਸਕੂਲ ਅਧਿਕਾਰੀ ਆਪਣੀ ਕਾਰਵਾਈ ਜਾਰੀ ਰੱਖ ਸਕਦੇ ਹਨ। ਜੇਕਰ ਮਾਤਾ ਪਿਤਾ ਮੈਨੀਫੈਸਟੇਸ਼ਨ ਦੀ ਮੀਟਿੰਗ ਦੇ ਨਤੀਜੇ ਨਾਲ ਸਹਿਮਤ ਨਹੀਂ ਤਾਂ ਸੁਣਵਾਈ ਦੀ ਲਿਖਤੀ ਰੂਪ ਵਿਚ ਅਰਜ਼ੀ ਕੀਤੀ ਜਾ ਸਕਦੀ ਹੈ।

ਮੌਕੇ ਅਨੁਸਾਰ ਸਿੱਖਿਆ ਦੀ ਜਗ੍ਹਾ ਵਿਚ ਬਦਲਾਅ: ਇੰਟੀਰਮ ਅਲਟਰਨੇਟਿਵ ਸਿੱਖਿਆ ਜਗ੍ਹਾ (ਆਈ.ਏ.ਈ.ਐਸ)

ਬੱਚੇ ਦੀ ਪੜ੍ਹਾਈ ਦੀ ਜਗ੍ਹਾ ਵੱਖਰੇ ਸਕੂਲ ਵਿਚ ਤਬਦੀਲ ਕੀਤੀ ਜਾ ਸਕਦੀ ਹੈ ਅਤੇ ਉਸ ਲਈ ਮਾਤਾ ਪਿਤਾ ਦੀ ਮਨਜ਼ੂਰੀ ਜ਼ਰੂਰੀ ਨਹੀਂ ਹੁੰਦੀ। ਸਕੂਲ ਅਧਿਕਾਰੀ ਬੱਚੇ ਦੀ ਜਗ੍ਹਾ 10 ਦਿਨ ਦੇ ਘੱਟ ਸਮੇਂ ਲਈ ਆਈ.ਏ.ਈ.ਐਸ ਵਿਚ ਤਬਦੀਲ ਕਰ ਸਕਦੇ ਹਨ। ਜੇ ਬੱਚੇ ਕੋਲ ਕਿਸੇ ਪ੍ਰਕਾਰ ਦਾ ਹਥਿਆਰ ਬਰਾਮਦ ਹੋਵੇ ਜਾਂ ਕਿਸੇ ਤਰਾਂ ਦਾ ਨਸ਼ਾ ਕਰਦਾ ਜਾਂ ਵੇਚਦਾ ਫੜਿਆ ਜਾਵੇ ਤਾਂ ਉਸ ਦੀ ਤਬਦੀਲੀ ਆਈ.ਏ.ਈ.ਐਸ ਵਿਚ 45 ਦਿਨ ਤੱਕ ਵੀ ਹੋ ਸਕਦੀ ਹੈ। 10 ਦਿਨ ਤੱਕ ਆਈ.ਏ.ਈ.ਐਸ ਵਿਚ ਰੱਖੇ ਜਾਣ ਦਾ ਫੈਸਲਾ ਆਈ.ਈ.ਪੀ. ਦੀ ਟੀਮ ਦੇ ਮਨਜ਼ੂਰੀ ਉਪਰੰਤ ਕੀਤਾ ਜਾਂਦਾ ਹੈ। ਆਈ.ਏ.ਈ.ਐਸ ਦਾ ਫਰਜ਼ ਹੈ ਕਿ ਜਿਨਾਂ ਚਿਰ ਬੱਚਾ ਉਹਨਾਂ ਦੇ ਕੋਲ ਹੈ ਉਸਨੂੰ ਹਰ ਪ੍ਰਕਾਰ ਦੀ ਸਕੂਲ ਸਿੱਖਿਆ ਅਤੇ ਸਪੈਸ਼ਲ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਤਾਂ ਕਿ ਉਹ ਮੁੜ ਕਿਸੇ ਤਰਾਂ ਦੀ ਗਲਤੀ ਕਰਨ ਤੇ ਸੰਕੋਚ ਕਰੇ। ਮਾਤਾ ਪਿਤਾ ਕੋਲ ਜਲਦੀ ਸੁਣਵਾਈ ਕਰਵਾਏ ਜਾਣ ਦਾ ਹੱਕ ਹੁੰਦਾ ਹੈ। ਬੱਚਾ ਆਈ.ਏ.ਈ.ਐਸ ਵਿਚ 45 ਦਿਨ ਤੱਕ ਜਾਂ ਸੁਣਵਾਈ ਹੋਣ ਤੱਕ ਰਹਿੰਦਾ ਹੈ। 46ਵੇਂ ਦਿਨ ਬੱਚੇ ਦੀ ਮੁੜ ਪਹਿਲਾਂ ਵਾਲੀ ਜਗ੍ਹਾ ਤੇ ਵਾਪਸੀ ਹੁੰਦੀ ਹੈ। ਸੁਣਵਾਈ ਅਧਿਕਾਰੀ ਬੱਚੇ ਨੂੰ 45 ਦਿਨ ਤੱਕ ਆਈ.ਏ.ਈ.ਐਸ ਵਿਚ ਰੱਖ ਸਕਦੇ ਹਨ ਜੇ ਉਹਨਾਂ ਨੂੰ ਮਹਿਸੂਸ ਹੋਵੇ ਕਿ ਵਿਦਿਆਰਥੀ ਲੋਕਾਂ ਲਈ ਖਤਰਾ ਬਣ ਸਕਦਾ ਹੈ। ਸੁਣਵਾਈ ਅਧਿਕਾਰੀ ਫੈਸਲਾ ਕਰਦੇ ਹਨ ਕਿ ਕਿਹੜੀ ਤਰਾਂ ਦਾ ਬਦਲਾਅ ਬੱਚੇ ਲਈ ਮੁਨਾਸਬ ਹੈ ਅਤੇ ਕੀ ਸਕੂਲ ਨੇ ਆਪਣੀ ਤਰਫੋਂ ਸਾਰੀਆਂ ਕੋਸ਼ਿਸ਼ਾਂ ਪੂਰੀ ਤਰਾਂ ਕੀਤੀਆਂ ਹਨ ਜਾਂ ਨਹੀਂ। ਸੁਣਵਾਈ ਅਧਿਕਾਰੀ ਦੱਸਦੇ ਹਨ ਕਿ ਬੱਚੇ ਲਈ ਆਈ.ਏ.ਈ.ਐਸ ਮੁਨਾਸਬ ਹੈ ਜਾਂ ਨਹੀਂ।

ਉੱਚ ਅਧਿਕਾਰੀਆਂ ਦੇ ਕਾਨੂੰਨੀ ਫੈਸਲੇ ਉਪਰੰਤ ਜਗ੍ਹਾ ਵਿਚ ਬਦਲਾਅ:

ਬੋਰਡ ਜਾਂ ਉੱਚ ਅਧਿਕਾਰੀਆਂ ਦੇ ਫੈਸਲੇ ਦੀ ਇੰਤਜ਼ਾਰ ਦੌਰਾਨ ਬੱਚੇ ਆਪਣੀ ਪਹਿਲੀ ਜਗ੍ਹਾ ਤੇ ਸਥਿਤ ਰਹਿੰਦਾ ਹੈ ਜਾਂ ਫਿਰ ਦੋਨੋ ਧਿਰਾਂ ਹੋਰ ਫੈਸਲੇ ਤੇ ਸਹਿਮਤ ਹੋਣ।

ਬੱਚੇ ਜੋ ਸਪੈਸ਼ਲ ਸਿੱਖਿਆ ਸੇਵਾਵਾਂ ਦੇ ਹੱਕਦਾਰ ਨਹੀਂ: ਵਿਸਥਾਰ

ਉਹ ਵਿਦਿਆਰਥੀ ਜਿਸਨੇ ਸਕੂਲ ਦੇ ਕਾਨੂੰਨ ਨੂੰ ਤੋੜਿਆ ਹੈ ਅਤੇ ਸਪੈਸ਼ਲ ਸਿੱਖਿਆ ਸੇਵਾਵਾਂ ਹਾਸਲ ਕਰਨੀਆਂ ਚਾਹੁੰਦਾ ਹੈ ਉਸਨੂੰ ਮਾਨਸਿਕ ਕਮਜ਼ੋਰੀ ਦੀ ਪਹਿਚਾਣ ਉਪਰੰਤ ਸਕੂਲ ਦੇ ਜ਼ਿਲੇ ਵਲੋਂ ਸੁਰੱਖਿਆ ਮੁਹੱਈਆ ਕਰਵਾਈ ਜਾ ਸਕਦੀ ਹੈ। ਸਕੂਲ ਅਧਿਕਾਰੀਆਂ ਨੂੰ ਮਾਤਾ ਪਿਤਾ ਵਲੋਂ ਜਾਂ ਅਧਿਆਪਕਾਂ ਵਲੋਂ ਸਪੈਸ਼ਲ ਸਿੱਖਿਆ ਸੇਵਾਵਾਂ ਦੀ ਮੰਗ ਨੂੰ ਦਰਸਾਉਣਾ ਜ਼ਰੂਰੀ ਹੈ ਤਾਂ ਕਿ ਬੱਚੇ ਦੀ ਸਿੱਖਿਆ ਵਿਚ ਮਾਨਸਿਕ ਕਮਜ਼ੋਰੀ ਦੀ ਰੁਕਾਵਟ ਦਾ ਜਾਇਜ਼ਾ ਲਿਆ ਜਾ ਸਕੇ। ਇਹ ਬੇਨਤੀ ਲਿਖਤੀ ਰੂਪ ਵਿਚ ਮਾਤਾ ਪਿਤਾ ਜਾਂ ਹੋਰਨਾਂ ਅਧਿਆਪਕਾਂ ਵਲੋਂ ਕੀਤੀ ਜਾ ਸਕਦੀ ਹੈ ਜੇ ਉਹਨਾਂ ਨੂੰ ਬੱਚੇ ਦੇ ਵਿਵਹਾਰ ਵਿਚ ਕੋਈ ਘਾਟ ਨਜ਼ਰ ਆਉਂਦੀ ਹੋਵੇ। ਜੇ ਸਕੂਲੀ ਜ਼ਿਲੇ ਨੂੰ ਬੱਚੇ ਦੀ ਮਾਨਸਿਕ ਕਮਜ਼ੋਰੀ ਦੀ ਜਾਣਕਾਰੀ ਨਾਂ ਹੋਵੇ ਤਾਂ ਉਸਨੂੰ ਸਾਰੇ ਕਾਨੂੰਨਾਂ ਦੀ ਵਰਤੋਂ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ। ਜੇਕਰ ਇਵੈਲੂਏਸ਼ਨ ਦੀ ਬੇਨਤੀ ਗਲਤੀ ਦੀ ਸਜ਼ਾ ਹੋਣ ਤੱਕ ਕੀਤੀ ਜਾਂਦੀ ਹੈ ਤਾਂ ਉਸਨੂੰ ਸੁਣਵਾਈ ਜਲਦੀ ਕਰਨ ਦਾ ਰੂਪ ਦਿੱਤਾ ਜਾਂਦਾ ਹੈ।

ਸਕੂਲ ਵਲੋਂ ਬੱਚੇ ਦੀ ਸਥਾਪਤ ਕੀਤੀ ਹੋਈ ਜਗਾ ਉਤੇ ਬੱਚਾ ਉਹਨਾਂ ਚਿਰ ਰਹਿੰਦਾ ਹੈ ਜਿੰਨੀ ਦੇਰ ਤੱਕ ਉਸਦੀ ਇੰਵੈਲੂਏਸ਼ਨ ਦਾ ਕੰਮ ਖਤਮ ਨਹੀ ਹੋ ਜਾਂਦਾ। ਜੇ ਬੱਚਾ ਹੱਕਾਂ ਦਾ ਲਾਇਕ ਹੋਵੇ ਤਾਂ ਉਸਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆ ਹਨ।

ਮਸਲੇ ਹੱਲ ਕਰਨ ਦੇ ਤਰੀਕੇ : ਡਿਸਪਿਊਟ ਰੈਜੋਲੂਸ਼ਨ ਪ੍ਰੋਸੈਸ

ਸਥਾਨਕ ਤਰੀਕੇ

ਪਬਲਿਕ ਸਿੱਖਿਆ ਅਜੈਂਸੀ ਅਤੇ ਬੱਚੇ ਦੇ ਮਾਤਾ ਪਿਤਾ ਇਕ ਮੁਲਾਕਾਤ ਰਾਹੀ ਨਿੱਜੀ ਮਸਲੇ ਸੁਲਝਾਉਣ ਦਾ ਯਤਨ ਕਰ ਸਕਦੇ ਹਨ। ਮਾਤਾ ਪਿਤਾ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਮਸਲੇ ਸੁਲਝਾਉਣ ਲਈ ਸਥਾਨਕ ਸੇਵਾਵਾਂ ਦਾ ਪ੍ਰਯੋਗ ਕਰਨ। ਹਰ ਜਿਲੇ ਵਿਚ ਸੈਲਪਾ ਜੋ ਕਿ ਸਪੈਸ਼ਲ ਸਿੱਖਿਆ ਲੋਕਲ ਪਲਾਨ ਨੂੰ ਕਿਹਾ ਜਾਂਦਾ ਹੈ ਉਸਨੇ ਮਾਤਾ ਪਿਤਾ ਜੋ ਕਿ ਅਧਿਕਾਰੀਆਂ ਵਲੋਂ ਸੇਵਾ ਕਰਦੇ ਹਨ ਨਿਯੁਕਤ ਕੀਤੇ ਜਾਂਦੇ ਹਨ। ਇਹ ਅਧਿਕਾਰੀ ਸੈਲਪੇ ਮਾਤਾ ਪਿਤਾ ਨੂੰ ਨਿੱਜੀ ਮਸਲੇ ਸੁਲਝਾਉਣ ਵਿਚ ਮਦਦ ਕਰਦੇ ਹਨ। ਇਹ ਮਾਤਾ ਪਿਤਾ ਅਧਿਕਾਰੀਆਂ ਦੀ ਜਾਣਕਾਰੀ ਸਪੈਸ਼ਲ ਸਿੱਖਿਆ ਦੇ ਡਾਇਰੈਕਟਰ ਕੋਲੋਂ ਮਿਲ ਸਕਦੀ ਹੈ। ਹਰ ਜਿਲੇ ਵਿਚ ਉਹੋ ਅਧਿਕਾਰੀ ਜੋ ਹਰ ਮਸਲੇ ਵਿਚ ਹੋਈ ਇਕ ਤਰਫਾ ਕੰਮ ਨਹੀ ਕਰਦੇ ਸਥਾਪਤ ਕੀਤੇ ਜਾਂਦੇ ਹਨ। ਉਹਨਾਂ ਦਾ ਮੁੱਖ ਮਕਸਦ ਦੋਨੋ ਪਾਸੇ ਨੂੰ ਦੇਖਦੇ ਹੋਏ ਮਸਲਾ ਸੁਲਝਾਉਣ ਵਿਚ ਮਦਦ ਕਰਨ ਦਾ ਹੁੰਦਾ ਹੈ। ਇਹਨਾਂ ਅਧਿਕਾਰੀਆਂ ਦੀ ਜਾਣਕਾਰੀ ਆਪਣੇ ਸਪੈਸ਼ਲ ਸਿੱਖਿਆ ਡਾਇਰੈਕਟਰ ਤੋਂ ਲਈ ਜਾਂਦੀ ਹੈ।

ਹੋਰ ਮਸਲਾ ਸੁਲਝਾਉ ਆਧਾਰ: ਆਲਟਰਨੇਟ ਮੀਡੀਏਸ਼ਨ

ਕਿਸੇ ਵੀ ਤਰੀਕੇ ਦੀ ਸੁਣਵਾਈ ਵਾਸਤੇ ਅਰਜੀ ਦੇਣ ਤੋ ਪਹਿਲਾਂ ਮਾਤਾ ਪਿਤਾ ਨੂੰ ਸੂਚਨਾ ਕੀਤੀ ਜਾਂਦੀ ਹੈ ਕਿ ਹਰ ਸਥਾਨਕ ਸੇਵਾ ਕਰਤਾ ਅਜੈਂਸੀ ਦੀ ਮਦਦ ਲੈ ਕੇ ਮਸਲੇ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਇਸ ਦਾ ਮਕਸਦ ਹੈ ਕਿ ਕਿਸੇ ਵੀ ਤਰਾਂ ਦੀ ਮਜਬੂਰੀ ਜੋ ਕਿ ਮਾੜਾ ਅਸਰ ਪਾਵੇ ਤੋਂ ਬਚਾ ਕਰਕੇ ਮਸਲੇ ਹੱਲ ਕੀਤੇ ਜਾਣ ਦਾ ਯਤਨ ਕੀਤਾ ਜਾਵੇ। ਇਸ ਤਰੀਕੇ ਨਾਲ ਕਿਸੇ ਦੇ ਨਾਮ, ਸਥਾਨ, ਜਾਂ ਖਰਚਾ ਬਚ ਸਕਦਾ ਹੈ ਅਤੇ ਕਿਸੇ ਦੀ ਵਕੀਲ ਦੀ ਹਾਜਰੀ ਨਹੀ ਹੁੰਦੀ। ਇਸ ਦੀ ਬੇਨਤੀ ਸੁਣਵਾਈ ਵਿਭਾਗ ਜੋ ਸਪੈਸ਼ਲ ਸਿੱਖਿਆ ਬੋਰਡ ਲਈ ਹਨ ਉਹਨਾਂ ਤੋ ਕੀਤੀ ਜਾ ਸਕਦੀ ਹੈ। ਉਹਨਾਂ ਦਾ ਪਤਾ ਸਪੈਸ਼ਲ ਸਿੱਖਿਆ ਵਿਭਾਗ, 2349 ਗੇਟਵੇਅ ਓਕਸ, ਸੂਟ ਨੰਬਰ 200 ਸੈਕਰਾਮੈਂਟੋ, ਕੈਲੀਫੋਰਨੀਆਂ 95833. ਟੈਲੀਫੋਨ ਨੰਬਰ (916)-263-0880 ਅਤੇ ਫੈਕਸ (916)-376-6319 ਅਤੇ ਟੋਲ ਮੁਫਤ ਨੰਬਰ ਹੈ (800) 735-2929 ਅਤੇ ਇੰਟਰਨੈਟ: WWW.OAH.DGS.CA.GOV.

ਮਸਲਾ ਸੁਲਝਾਉ ਕਾਨਫਰੰਸ: ਮੀਡੀਏਸ਼ਨ ਕਾਨਫਰੰਸ

ਸੁਣਵਾਈ ਦੀ ਲਿਖਤੀ ਰੂਪ ਵਿਚ ਅਰਜੀ ਮਿਲਣ ਤੋਂ ਬਾਅਦ ਜਿਸ ਵਿਚ ਮੁੱਖ ਮੁੱਦੇ ਦੇ ਅੰਕਾਂ ਦਾ ਵਿਸਥਾਰ ਹੋਵੇ ਅਤੇ ਕੀਤੇ ਗਏ ਯਤਨ ਹੋਣ ਉਸ ਨੂੰ ਦੇਖਣ ਤੋਂ ਬਾਅਦ ਸਟੇਟ ਸੁਪਰਿਟੈਂਡੈਂਟ ਜਾ ਹੋਰ ਅਧਿਕਾਰੀ ਭਾਗ ਲੈ ਰਹੀ ਅਜੈਂਸੀ ਅਤੇ ਮਾਤਾ ਪਿਤਾ ਨੂੰ ਮਸਲਾ ਸੁਲਝਾਊ ਹਲ ਅਤੇ ਦੋਨਾਂ ਪਾਰਟੀਆਂ ਦੇ ਹੱਕਾਂ ਦਾ ਵੇਰਵਾ ਲਿਖਤੀ ਰੂਪ ਵਿਚ ਭੇਜਦੀ ਹੈ। ਮਾਤਾ ਪਿਤਾ ਆਪਣੇ ਨਾਲ ਆਪਣਾ ਨਿਯੁਕਤ ਕੀਤਾ ਅਧਿਕਾਰੀ ਲੈ ਕੇ ਜਾ ਸਕਦੇ ਹਨ। ਜੇਕਰ ਮਸਲਾ ਹੱਲ ਕਰਨ ਵਿਚ ਸਫਲਤਾ ਨਹੀ ਮਿਲਦੀ ਤਾਂ ਦੁਬਾਰਾ ਸਟੇਟ ਆਧਾਰ ਤੇ ਮਾਤਾ ਪਿਤਾ ਦੀ ਸੁਵਿਧਅਤ ਮੁੱਖ ਰੱਖਦੇ ਸੁਣਵਾਈ ਦੀ ਮੰਗ ਕੀਤੀ ਜਾ ਸਕਦੀ ਹੈ।

ਮੀਡੀਏਸ਼ਨ: ਗੱਲਬਾਤ / ਮਸਲਾ ਸੁਲਝਾਉ ਆਧਾਰ

ਇਹ ਆਧਾਰ ਕੇਵਲ ਮਾਤਾ ਪਿਤਾ ਦੀ ਮਰਜੀ ਤੇ ਨਿਰਭਰ ਕਰਦੇ ਹਨ ਅਤੇ ਸੁਣਵਾਈ ਵਿਚ ਦੇਰ ਕਰਨ ਦਾ ਕੰਮ ਨਹੀ ਕਰਦੇ। ਇਹ ਇਕ ਸਿੱਖੇ ਹੋਏ ਅਧਿਕਾਰੀ ਦੁਆਰਾ ਮੁਲਾਕਾਤ ਕਰਕੇ ਸੁਲਝਾਅ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮੀਟਿੰਗ ਦੋਨੋ ਪਾਰਟੀਆ ਦੇ ਸਮੇਂ ਨੂੰ ਦੇਖਦੇ ਹੋਏ ਇਕ ਸਥਾਨਕ ਜਗਾ ਤੇ ਰੱਖੀ ਜਾਂਦੀ ਹੈ। ਕੋਈ ਵੀ ਹੱਲ ਕੀਤਾ ਗਿਆ ਮੁੱਦਾ ਲਿਖਤੀ ਰੂਪ ਵਿਚ ਨੋਟ ਕੀਤਾ ਜਾਂਦਾ ਹੈ। ਐਸ.ਈ.ਏ. ਨੇ ਕਾਨੂੰਨ ਸਥਾਪਤ ਕੀਤੇ ਹਨ ਜੋ ਮਾਤਾ ਪਿਤਾ ਨੂੰ ਉਹਨਾਂ ਦੇ ਫਾਇਦੇ ਦਰਸਾਉਣ ਵਿਚ ਮਦਦ ਕਰਦੇ ਹਨ ਅਤੇ ਮਸਲੇ ਹੱਲ ਕਰਨ ਵਿਚ ਮਦਦ ਕਰਦੇ ਹਨ। ਇਹ ਮੀਟਿੰਗ ਪੂਰੀ ਤਰਾਂ ਖੁਫੀਆ ਰੱਖੀ ਜਾਂਦੀ ਹੈ ਅਤੇ ਸਾਂਝੇ ਕੀਤੇ ਗਏ ਅੰਕਾਂ ਦਾ ਕਿਸੇ ਨਾਲ ਕੁਝ ਵੀ ਸਾਂਝਾ ਨਹੀ ਕੀਤਾ ਜਾਂਦਾ।

ਡਿਊ ਪ੍ਰੋਸੈਸ ਹੀਅਰਿੰਗ ਰਾਈਟਜ਼: ਸੁਣਵਾਈ ਦੇ ਹੱਕਾਂ ਦਾ ਵਿਸਥਾਰ

ਸੁਣਵਾਈ ਦੇ ਹੱਕਾਂ ਦਾ ਵਿਸਥਾਰ ਬੱਚੇ, ਮਾਤਾ ਪਿਤਾ, ਅਤੇ ਜਿੰਮੇਦਾਰ ਅਜੈਂਸੀਆਂ ਦੀ ਖਾਤਰ ਸਥਾਪਤ ਕੀਤਾ ਜਾਂਦਾ ਹੈ। ਇਹਨਾਂ ਦੀ ਬੇਅਦਬੀ ਕਿਸੇ ਵੀ ਸਮੇਂ ਸੁਣਵਾਈ ਦੇ ਲਈ ਜਾਰੀ ਕੀਤੀ ਜਾ ਸਕਦੀ ਹੈ। ਕਿਸੇ ਦੀ ਬਦਲਾਅ ਅਧਾਰਤ ਸੁਣਵਾਈ ਦਾ ਫੈਸਲਾ ਲਿਆ ਜਾ ਸਕਦਾ ਹੈ। ਜੇ ਮਾਤਾ ਪਿਤਾ ਜਾਂ ਜਿੰਮੇਦਾਰ ਅਜੈਂਸੀ ਕਿਸੇ ਤਰਾਂ ਦੀ ਬੇਅਦਬੀ ਮਹਿਸੂਸ ਕਰੇ ਤਾਂ ਸੁਣਵਾਈ ਦਾ ਹੁਕਮ ਜਾਰੀ ਹੋ ਸਕਦਾ ਹੈ। ਇਹਨਾਂ ਹੱਕਾਂ ਦੇ ਆਧਾਰ ਅੱਗੇ ਲਿਖੇ ਮੁੱਖ ਅੰਕ ਹਨ: ਮੁਲਾਕਾਤ ਸੁਲਝਾ ਕਰਨ ਲਈ ਕਾਨਫਰੰਸ, ਬੱਚੇ ਦੇ ਵਿਕਾਸ ਦੀ ਦੇਖ ਰੇਖ, ਸਟੇਟ ਲੈਵਲ ਤੇ ਸਹੀ ਤਰੀਕੇ ਨਾਲ ਸੁਣਵਾਈ, ਜਿਸ ਵਿਚ ਸਪੈਸ਼ਲ ਸਿੱਖਿਆ ਦੇ ਹਰ ਮੁੱਦੇ ਦੇ ਜਾਣਕਾਰ ਅਧਿਕਾਰੀ ਸ਼ਾਮਲ ਹੁੰਦੇ ਹਨ। ਸੁਣਵਾਈ ਲਿਖਤੀ ਰੂਪ ਵਿਚ ਨੋਟਿਸ ਮਿਲਣ ਤੋਂ ਬਾਅਦ 45 ਦਿਨਾਂ ਵਿਚ ਖਤਮ ਕਰਨੀ ਲਾਜਮੀ ਹੁੰਦੀ ਹੈ। ਸੁਣਵਾਈ ਲਈ ਅਰਜੀ ਤਿੰਨ ਸਾਲ ਦੇ ਅੰਦਰ ਲਿਖਤੀ ਰੂਪ ਵਿਚ ਹਾਜਰ ਕਰਨੀ ਜਰੂਰੀ ਸਮਝੀ ਜਾਂਦੀ ਹੈ।

ਮਾਤਾਂ ਪਿਤਾ ਕੋਲ ਹੇਠ ਲਿਖੇ ਹੱਕ ਹਨ:

- ਸਟੇਟ ਦੀ ਸੁਣਵਾਈ ਆਮ ਲੋਕਾਂ ਨੂੰ ਦੇਖਣ ਦਾ ਮੌਕਾ ਦਿੱਤਾ ਜਾਵੇ
- ਸਾਰੇ ਹੱਕਾਂ ਅਤੇ ਤਰੀਕੇ ਜੋ ਵਰਤੇ ਜਾਂਦੇ ਹਨ ਉਹਨਾਂ ਦਾ ਵਿਸਥਾਰ ਕੀਤਾ ਜਾਵੇ
- ਮਸਲੇ ਸੁਲਝਾਉ ਕਾਨਫਰੰਸ ਦਾ ਨੋਟਿਸ ਦਿੱਤਾ ਜਾਵੇ ਜਿਸ ਵਿਚ ਸਮੇਂ ਅਤੇ ਸਥਾਨ ਦਾ ਵਰਨਣ ਹੋਵੇ
- ਮੁਫਤ ਜਾਂ ਘੱਟ ਖਰਚੇ ਵਾਲੀਆਂ ਅਜੈਂਸੀਆਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇ
- ਜੇਕਰ ਮਾਤਾ ਪਿਤਾ ਕੋਲ ਵਕੀਲ ਨਹੀ ਤਾਂ ਜਿਲੇ ਦੀ ਜਿੰਮੇਵਾਰੀ ਹੈ ਕਿ ਉਹ ਮਾਤਾ ਪਿਤਾ ਨੂੰ ਅਧਿਕਾਰੀ ਨਿਯੁਕਤ ਕਰਾਵੇ ਜੋ ਉਹਨਾਂ ਨੂੰ ਹਰ ਮੁੱਦੇ ਤੇ ਚਰਚਾ ਹੋਣ ਵਾਲੀ ਗੱਲ ਵਿਸਥਾਰ ਨਾਲ ਸਮਝਾਵੇ।
- ਸਬੂਤ ਪੇਸ਼ ਕੀਤੇ ਜਾਣ ਜੋ ਕਿ ਲਿਖਤੀ ਜਾਂ ਜੁਬਾਨੀ ਹੋਈ ਗੱਲਬਾਤ ਨਾਲ ਤਾਲੋਕਾਤ ਰੱਖਦੇ ਹੋਣ
- ਉਹ ਅਧਿਕਾਰੀ ਮੌਜੂਦ ਹੋਣ ਜੋ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਦੇ ਹਾਲਾਤਾਂ ਦੀ ਜਾਣਕਾਰੀ ਰੱਖਦੇ ਹੋਣ
- ਹਰ ਕਿਸੇ ਤੇ ਚਰਚਾ ਕਰਨ ਦਾ ਹੱਕ ਜੋ ਕਿ ਸਬੂਤਾਂ ਉਤੇ ਨਿਰਭਰ ਕਰਦਾ ਹੈ
- ਸੁਣਵਾਈ ਵਿਚ ਹੋਈ ਸਾਰੀ ਗੱਲਬਾਤ ਦਾ ਲਿਖਤੀ ਰੂਪ ਜਾਂ ਰਿਕਾਰਡਿੰਗ ਦੇ ਰੂਪ ਵਿਚ ਵਿਸਥਾਰ ਮਾਤਾ ਪਿਤਾ ਨੂੰ ਦਿੱਤਾ ਜਾਵੇ।

* ਮਾਤਾ ਪਿਤਾ ਬੇਨਤੀ ਕਰ ਸਕਦੇ ਹਨ ਕਿ ਉਹਨਾਂ ਨੂੰ ਫੈਸਲਾ ਅਤੇ ਵਿਚਾਰੇ ਮੁੱਦੇ ਨੂੰ ਮੁੱਖ ਰੱਖਕੇ ਕੀਤੇ ਗਏ ਫੈਸਲੇ ਦੀ ਲਿਖਤੀ ਰਿਪੋਰਟ ਸਟੇਟ ਸੁਪਰਨਟੈਂਡਟ ਵਲੋਂ ੧੫ ਦਿਨ ਦੇ ਅੰਦਰ ਭੇਜੀ ਜਾਵੇ।
* ਜਿਸ ਬੱਚੇ ਦੇ ਆਧਾਰਤ ਸੁਣਵਾਈ ਹੈ ਉਹ ਇਸ ਸੁਣਵਾਈ ਦੌਰਾਨ ਹਾਜ਼ਰ ਹੋ ਸਕਦਾ ਹੈ।

ਸੁਣਵਾਈ ਦੇ ਆਧਾਰਤ ਦੋਹਨਾਂ ਜ਼ਿੰਮੇਦਾਰਾਂ ਦੇ ਹੱਕ:

* ਕਿਸੇ ਹੋਰ ਅਧਿਕਾਰੀ ਦੀ ਸਲਾਹ ਜਾਂ ਸਾਥ ਲਿਆ ਜਾ ਸਕਦਾ ਹੈ ਜਿਸਨੂੰ ਸਪੈਸ਼ਲ ਸਿੱਖਿਆ ਬਾਰੇ ਜਾਣਕਾਰੀ ਹੋਵੇ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਬੱਚਿਆਂ ਨਾਲ ਕੰਮ ਕਰਨ ਦਾ ਤਜੁਰਬਾ ਹੋਵੇ
* ਸੁਣਵਾਈ ਤੋਂ 10 ਦਿਨ ਪਹਿਲਾਂ ਹਰ ਮਸਲੇ ਅਤੇ ਸੁਝਾਅ ਦੇ ਤਰੀਕਿਆਂ ਵਲੋਂ ਜਾਣਕਾਰੀ ਪੂਰਾ ਤਰਾਂ ਹਾਸਲ ਕੀਤੀ ਜਾ ਸਕਦੀ ਹੈ।
* ਗਵਾਹਾਂ ਨੂੰ ਸੁਣਵਾਈ ਵਿਚ ਮੌਜੂਦਗੀ ਲਈ ਕਿਹਾ ਜਾ ਸਕਦਾ ਹੈ।
* ਸੁਣਵਾਈ ਤੋਂ 5 ਦਿਨ ਪਹਿਲਾਂ ਹਰ ਜ਼ਿੰਮੇਦਾਰ ਅਧਿਕਾਰੀ ਇਕ ਦੂਸਰੇ ਨਾਲ ਉਹ ਸਾਰੀ ਜਾਣਕਾਰੀ ਸਾਂਝੀ ਕਰਨ ਦਾ ਫਰਜ਼ ਮਹਿਸੂਸ ਕਰਦਾ ਹੈ ਅਤੇ ਕਾਨੂੰਨੀ ਤੌਰ ਤੇ ਉਸਦੀ ਪਾਲਣਾ ਕੀਤੀ ਜਾਂਦੀ ਹੈ।
* ਕਿਸੇ ਵੀ ਸਬੂਤ ਦੀ ਪੇਸ਼ੀ ਤੇ ਰੋਕ ਲਗਾਈ ਜਾ ਸਕਦੀ ਹੈ ਜਿਸ ਦੀ ਸਾਂਝ ਸੁਣਵਾਈ ਤੋਂ ਪੰਜ ਦਿਨ ਪਹਿਲਾਂ ਦੋਹਨਾਂ ਅਧਿਕਾਰੀਆਂ ਨਾਲ ਨਾਂ ਕੀਤੀ ਗਈ ਹੋਵੇ। ਹਰ ਸੁਣਵਾਈ ਦੇ ਭਾਗ ਦੀ ਲਿਖਤੀ ਜਾਂ ਰਿਕਾਰਡ ਹੋਈ ਕਾਪੀ ਮੰਗਵਾਈ ਜਾ ਸਕਦੀ ਹੈ।
* ਹਰ ਲਏ ਗਏ ਫੈਸਲੇ ਅਤੇ ਮੁੱਖ ਅੰਕਾਂ ਦੇ ਵੇਰਵੇ ਦੀ ਰਿਪੋਰਟ ਦੀ ਮੰਗ ਕੀਤੀ ਜਾ ਸਕਦੀ ਹੈ।
* ਇਕ ਅਧਿਕਾਰੀ ਜੋ ਅੰਗਰੇਜ਼ੀ ਤੇ ਸਮਝ ਆਉਣ ਵਾਲੀ ਮਾਤਰ ਭਾਸ਼ਾ ਨੂੰ ਤਬਦੀਲ ਕਰੇ ਉਸਨੂੰ ਸਟੇਟ ਦੇ ਖਰਚੇ ਆਧਾਰਤ ਨਿਯੁਕਤ ਕੀਤਾ ਜਾ ਸਕਦਾ ਹੈ।
* ਇਕ ਵਕੀਲ ਦੀ ਹਾਜ਼ਰੀ ਹੋ ਸਕਦੀ ਹੈ। (ਵਕੀਲ ਦੀਆਂ ਸੇਵਾਵਾਂ ਦਾ ਵੇਰਵਾ ਵਕੀਲੀ ਖਰਚੇ ਦੇ ਖੇਤਰ ਵਿਚ ਪੜ੍ਹਿਆ ਜਾ ਸਕਦਾ ਹੈ)
* ਸੁਣਵਾਈ ਦੇ ਸਮੇਂ ਵਿਚ ਵਾਧਾ ਹੋ ਸਕਦਾ ਹੈ ਜੇਕਰ ਚੰਗੀ ਗੱਲ ਦਾ ਨਿਪਟਾਰਾ ਹੁੰਦਾ ਹੋਵੇ।
* ਸੁਣਵਾਈ ਮੌਕੇ ਮਸਲਾ ਸੁਲਝਾਉਣ ਲਈ ਕਾਨਫਰੰਸ ਵੀ ਕੀਤੀ ਜਾ ਸਕਦੀ ਹੈ।

ਹਰ ਹੋਣ ਵਾਲੀ ਸੁਣਵਾਈ ਦੀ ਜਗ੍ਹਾ ਅਤੇ ਸਮਾਂ ਮਾਤਾ ਪਿਤਾ ਅਤੇ ਬੱਚੇ ਦੀ ਹਾਜ਼ਰੀ ਮੁਨਾਸਬ ਸਮਝਕੇ ਹੀ ਤੈਅ ਕੀਤਾ ਜਾਂਦਾ ਹੈ। ਜਦੋਂ ਵੀ ਮਾਨਸਿਕ ਹੈਲਥ ਸੇਵਾਵਾਂ ਜਾਂ ਬੱਚਿਆਂ ਪ੍ਰਤੀ ਸਟੇਟ ਸੇਵਾਵਾਂ ਇਸ ਆਈ·ਈ·ਪੀ ਵਿਚ ਜ਼ਿੰਮੇਦਾਰ ਹੋਣ ਤਾਂ ਸਾਰੇ ਕਾਨੂੰਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਕੰਮ ਕਾਜ ਵਿਚ ਸਾਰੇ ਜ਼ਿੰਮੇਦਾਰਾਂ ਦੀ ਹਾਜ਼ਰੀ ਲਾਜ਼ਮੀ ਮੰਨੀ ਜਾਂਦੀ ਹੈ ਅਤੇ ਸਾਰੇ ਮੁੱਦੇ ਤੇ ਵਿਚਾਰ ਸਾਂਝੇ ਕੀਤੇ ਜਾਂਦੇ ਹਨ।

ਹਰ ਸੁਣਵਾਈ ਦੀ ਅਰਜ਼ੀ ਸਟੇਟ ਸੁਪਰਇਨਟੈਂਡਟ ਆਫ ਪਬਲਿਕ ਇਨਸਟਰੱਕਸ਼ਨ ਨੂੰ ਲਿਖਤੀ ਰੂਪ ਵਿਚ ਭੇਜੀ ਜਾਂਦੀ ਹੈ। ਇਸ ਅਰਜ਼ੀ ਹਰ ਤਰਾਂ ਦੀ ਦਲੀਲ ਅਤੇ ਜਾਣਕਾਰੀ ਦਾ ਵਿਸਥਾਰ ਮੁੱਖ ਅੰਕਾਂ ਨੂੰ ਦਰਸਾ ਕੇ ਕੀਤਾ ਜਾਂਦਾ ਹੈ। ਇਸ ਸਟੇਟਮੈਂਟ ਵਿਚ ਵਿਦਿਆਰਥੀ ਦਾ ਨਾਮ, ਘਰ ਦਾ ਪਤਾ, ਸਕੂਲ ਵਿਚ ਹਾਜ਼ਰੀ ਦਾ ਵਰਨਣ ਕੀਤਾ ਜਾਂਦਾ ਹੈ। ਲਿਖਤੀ ਰੂਪ ਵਿਚ ਮਸਲੇ ਦੀ ਜਾਣਕਾਰੀ ਅਤੇ ਸੁਲਝਾਉਣ ਦੇ ਹੱਲ ਦੱਸੇ ਜਾਂਦੇ ਹਨ। ਮਾਤਾ ਪਿਤਾ ਨੂੰ ਹਰ ਮੁੱਖ ਅੰਕ ਦੀ ਸੂਚਨਾ ਵਿਸਥਾਰ ਵਿਚ ਦੱਸੀ ਜਾਂਦੀ ਹੈ ਜਿਸ ਵਿਚ ਮਸਲੇ ਦੇ ਹਰ ਮੁੱਖ ਅੰਕ ਦਾ ਵਰਨਣ ਹੁੰਦਾ ਹੈ।

ਸੁਣਵਾਈ ਅਧਿਕਾਰੀਆਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ। ਸੁਣਵਾਈ ਅਧਿਕਾਰੀਆਂ ਦਾ ਐਲ·ਈ·ਏ· ਨਾਲ ਕੋਈ ਤਾਲੋਕਾਤ ਨਹੀ ਹੁੰਦਾ ਤਾਂ ਕਿ ਸਹੀ ਫੈਸਲਾ ਕਰਨ ਵਿਚ ਕਿਸੇ ਤਰਾਂ ਦੀ ਤਰਫਦਾਰੀ ਮਹਿਸੂਸ ਨਾਂ ਕੀਤੀ ਜਾਵੇ। ਜੇਕਰ ਸੁਣਵਾਈ ਅਧਿਕਾਰੀ ਨੂੰ ਖਰਚਾ ਦਿੱਤਾ ਜਾਂਦਾ ਹੈ ਤਾਂ ਉਸ ਦਾ ਮਤਲਬ ਇਹ ਨਹੀ ਕਿ ਉਹ ਉਹਨਾਂ ਦਾ ਰੱਖਿਆ ਹੋਇਆ ਕਰਮਚਾਰੀ ਹੈ। ਸੁਣਵਾਈ ਲਈ ਅਰਜ਼ੀ ਜਾਂ ਅਧਿਕਾਰੀਆਂ ਦਾ ਵੇਰਵਾ ਇਸ ਪਤੇ ਤੇ ਭੇਜਿਆ ਜਾਂਦਾ ਹੈ: ਆਫਿਸ ਆਫ ਐਡਮਿਨਿਸਟਰੇਟਿਵ ਹੀਅਰਿੰਗ ਸੂਇਟ 2349 ਗੇਟਵੇਅ ਓਕਸ, ਸਵੀਟ ਨੰਬਰ 200, ਸੈਕਰਾਮੈਂਟੋ, ਸੀ·ਏ· 95833, (916)-263-0880, ਫੈਕਸ (916)-376-6319, ਟੋਲ ਨੰਬਰ 800(735-2929) ਜਾਂ ਇੰਟਰਨੈਟ ਦਾ ਪਤਾ: www.OAH.DGS.CA.GOV. ਜਿਹੜਾ ਵਿਅਕਤੀ ਸੁਣਵਾਈ ਦੀ ਅਰਜ਼ੀ ਕਰਦਾ ਹੈ ਉਸਦੀ ਜਾਣਕਾਰੀ ਦੂਜੀ ਪਾਰਟੀ ਨੂੰ ਵੀ ਦਿੱਤੀ ਜਾਂਦੀ ਹੈ ਅਤੇ ਅਰਜ਼ੀ ਦੀ ਸੁਪਰਇਨਟੈਂਡਟ ਜਾਂ ਸਕਰੇਟਰੀ ਸਾਹਮ ਸਕੂਲ ਵਿਚ ਕੀਤੀ ਜਾਂਦੀ ਹੈ। ਅਰਜ਼ੀ ਮਿਲਣ ਦੇ 3 ਦਿਨ ਬਾਅਦ ਜਾਂ ਉਸ ਸਮੇਂ ਦੌਰਾਨ ਸਕੂਲ ਅਧਿਕਾਰੀ ਮਾਤਾ ਪਿਤਾ ਨੂੰ ਹਾਜ਼ਰ ਸੇਵਾਵਾਂ ਬਾਰੇ ਜਾਣਕਾਰੀ ਦਿੰਦੇ ਹਨ। ਅਰਜ਼ੀ ਮਿਲਣ ਬਾਅਦ ਸੁਪਰਇਨਟੈਂਡਟ ਦਾ ਫਰਜ਼ ਬਣਦਾ ਹੈ ਕਿ ੧੫ ਦਿਨ ਅੰਦਰ ਅਰਜ਼ੀ ਦੀ ਸੁਣਵਾਈ ਹੋਵੇ ਅਤੇ ਫੈਸਲਾ ਲਿਖਤੀ ਰੂਪ ਵਿਚ ਸੁਣਾਇਆ ਜਾਵੇ। ਇਸ ਵਿਚ ਸਾਰੇ ਮੁੱਖ ਅੰਕਾਂ ਦਾ ਖਿਆਲ ਰੱਖਦੇ ਹੋਏ ਫੈਸਲਾ ਕੀਤਾ ਜਾਂਦਾ ਹੈ। ਸੁਣਵਾਈ ਅਫਸਰ ਲੋੜ ਮੁਤਾਬਕ ੧੫ ਦਿਨ ਤੋਂ ਵਧੇਰੇ ਸਮਾਂ ਲੈ ਸਕਦੇ ਹਨ। ਇਹ ਸਮਾਂ ਕਿਸੇ ਇਕ ਪਾਰਟੀ ਦੀ ਬੇਨਤੀ ਉਪਰੰਤ ਦਿੱਤਾ ਜਾ ਸਕਦਾ ਹੈ। ਸੁਣਵਾਈ ਦਾ ਫੈਸਲਾ ਆਖੀਰੀ ਹੁੰਦਾ ਹੈ ਅਤੇ ਨਾਂ ਮਨਜ਼ੂਰੀ ਤੇ ਅਪੀਲ ਕੀਤੀ ਜਾ ਸਕਦੀ ਹੈ। ੧੦ ਦਿਨ ਅੰਦਰ ਇਹ ਅਪੀਲ ਕਰਨੀ ਲਾਜ਼ਮੀ ਹੈ।

ਸੁਣਵਾਈ ਦੌਰਾਨ ਬੱਚੇ ਦੀ ਸਕੂਲੀ ਸਥਾਨ ਵਿਚ ਬਦਲਾਅ

ਜਿੰਨਾਂ ਸਮਾਂ ਸੁਣਵਾਈ ਦਾ ਕੰਮ ਮੁਕੰਮਲ ਨਹੀ ਹੋ ਜਾਂਦਾ ਉਨੀ ਦੇਰ ਤੱਕ ਮਾਤਾ ਪਿਤਾ ਅਤੇ ਐਲ·ਈ·ਏ ਦੀ ਸਹਿਮਤੀ ਅਨੁਸਾਰ ਬੱਚੇ ਦੀ ਸਕੂਲੀ ਜਗ੍ਹਾ ਉਹ ਰਹਿ ਸਕਦੀ ਹੈ ਜਿਹੜਾ ਉਸਦੇ ਘਰ ਦੇ ਪਤੇ ਆਧਾਰਤ ਹੈ। ਜੇ ਸੁਣਵਾਈ ਆਧਾਰਤ ਬੱਚੇ ਨੂੰ ਦਾਖਲੇ ਲਈ ਅਰਜ਼ੀ ਦੀ ਜ਼ਰੂਰਤ ਪੈਂਦੀ ਹੈ ਤਾਂ ਉਹ ਸਾਰੀਆਂ ਸੇਵਾਵਾਂ ਸਕੂਲ ਅਧਿਕਾਰੀਆਂ ਦਸੇ ਦਿੱਤੀਆ ਜਾਂਦੀਆ ਹਨ ਜਿੰਨਾਂ ਵਿਚ ਸੁਣਵਾਈ ਦਾ ਕੰਮ ਜਾਰੀ ਹੈ।

ਸਕੂਲ ਅਤੇ ਜ਼ਿਲਾ ਅਧਿਕਾਰੀਆਂ ਦੀ ਮਨਜ਼ੂਰੀ ਬਗੈਰ ਬੱਚੇ ਦਾ ਪਬਲਿਕ ਜਾਂ ਪ੍ਰਾਈਵੇਟ ਸਕੂਲ ਵਿਚ ਦਾਖਲਾ

ਸਕੂਲੀ ਸਿੱਖਿਆ ਜੋ ਪਰਾਈਵੇਟ ਤਰੀਕੇ ਨਾਲ ਹੋਵੇ ਉਸਦਾ ਖਰਚਾ ਮਾਤਾ ਪਿਤਾ ਨੂੰ ਵਾਪਸ ਕੀਤਾ ਜਾਂਦਾ ਹੈ ਜੇਕਰ ਐਲ·ਈ·ਏ· ਨੇ ਮੁਫਤ ਸਿਖਲਾਈ ਨਾਂ ਮੁਹੱਈਆ ਕਰਵਾਈ ਹੋਵੇ। ਐਲ·ਈ·ਏ· ਦਾ ਫਰਜ਼ ਹੈ ਕਿ ਸੁਣਵਾਈ ਦੇ ਫੈਸਲੇ ਦਾ ਇੰਤਜ਼ਾਰ ਕਰਦੇ ਸਮੇਂ ਬੱਚੇ ਨੂੰ ਮੁਫਤ ਸਕੂਲ ਸਿੱਖਿਆ ਦਿੱਤੀ ਜਾਵੇ। ਜੇਕਰ ਤੁਸੀ ਬੱਚੇ ਨੂੰ ਆਪਣੇ ਤੌਰ ਤੇ ਦਾਖਲਾ ਕਰਵਾਉਂਦੇ ਹੋ ਅਤੇ ਉਸਦਾ ਖਰਚਾ ਲੈਣ ਦੀ ਮੰਗ ਕਰਦੇ ਹੋ ਤਾਂ ਸਕੂਲ ਅਧਿਕਾਰੀਆਂ ਨੂੰ ਉਸ ਸਕੂਲ ਦੇ ਖਰਚੇ ਦੀ ਜਾਂਚ ਪੜਤਾਲ ਦਾ ਮੌਕਾ ਦਿੱਤਾ ਜਾਂਦਾ ਹੈ। ਮਾਤਾ ਪਿਤਾ ਦੀ ਮਨਜ਼ੂਰੀ ਤੋਂ ਬਗੈਰ ਬੱਚੇ ਪ੍ਰਤੀ ਕੋਈ ਵੀ ਤਰੀਕੇ ਦੀ ਜਾਂਚ ਪੜਤਾਲ ਨਹੀ ਕੀਤੀ ਜਾ ਸਕਦੀ।

ਮਾਤਾ ਪਿਤਾ ਨੂੰ ਹਰ ਗੱਲ ਦੀ ਜਾਣਕਾਰੀ ਦੇਣੀ ਜ਼ਰੂਰੀ ਹੈ ਜੇ ਉਹ ਕਿਸੇ ਵੀ ਤਰਾਂ ਦੀ ਦਿੱਤੀ ਗਈ ਫੀਸ ਦੀ ਜ਼ਿਲਾ ਅਧਿਕਾਰੀਆਂ ਕੋਲੋਂ ਮੰਗ ਕਰਦੇ। ਉਹਨਾਂ ਨੂੰ ਇਸ ਗੱਲ ਦਾ ਵਿਸਥਾਰ ਦੇਣਾ ਪਵੇਗਾ ਕਿ ਉਹਨੇ ਨੇ ਬੱਚੇ ਦਾ ਦਾਖਲਾ ਕਿਉਂ ਅਤੇ ਕਿਸ ਵਜ੍ਹਾ ਕਰਕੇ ਹੋਰ ਸਕੂਲ ਵਿਚ ਕਰਵਾਇਆ ਹੈ। ਜੇਕਰ ਮਾਤਾ ਪਿਤਾ ਲੋੜੀਂਦੇ ਸਬੂਤਾਂ ਰਾਹੀ ਵਿਸਥਾਰ ਦੇਣ ਵਿਚ ਅਸਫਲ ਹੁੰਦੇ ਹਨ ਤਾਂ ਉਹਨਾਂ ਨੂੰ ਕਿਸੇ ਪ੍ਰਕਾਰ ਦੀ ਰਕਮ ਨਹੀ ਦਿੱਤੀ ਜਾਂਦੀ। ਇਹ ਸਾਰੀ ਜਾਣਕਾਰੀ ਬੱਚੇ ਦੀ ਆਈ·ਈ·ਪੀ· ਮੀਟਿੰਗ ਤੇ ਵਿਸਥਾਰ ਨਾਲ ਪੇਸ਼ ਕਰਨੀ ਜ਼ਰੂਰੀ ਹੁੰਦੀ ਹੈ।

ਸੋਧਿਆ 8/2014
ਕੇ·ਐਚ·ਐਸ·ਡੀ·

ਮਾਤਾ ਪਿਤਾ ਨੂੰ ਨੋਟਿਸ ਦੀ ਜਾਣਕਾਰੀ ਸਕੂਲ ਜ਼ਿਲਾ ਅਧਿਕਾਰੀਆਂ ਨੂੰ 10 ਦਿਨ ਦੇ ਅੰਦਰ ਪ੍ਰਦਾਨ ਕਰਨੀ ਜ਼ਰੂਰੀ ਹੁੰਦੀ ਹੈ। ਇਹ ਜਾਣਕਾਰੀ ਵਿਚ ਪਬਲਿਕ ਸਕੂਲ ਵਿਚੋਂ ਬੱਚੇ ਨੂੰ ਹਟਾਉਣ ਅਤੇ ਹੋਰ ਸਕੂਲ ਵਿਚ ਦਾਖਲਾ ਕਰਵਾਉਣ ਦੇ ਅਧਾਰ ਤੇ ਹੁੰਦਾ ਹੈ। ਖਰਚੇ ਦੇ ਮੁਆਵਜ਼ੇ ਤੋਂ ਇਨਕਾਰ ਹੋ ਸਕਦਾ ਹੈ ਜੇ ਜੱਜ ਨੂੰ ਮਾਤਾ ਪਿਤਾ ਦੀਆਂ ਦਿੱਤੀਆਂ ਗਈਆਂ ਦਲੀਲਾਂ ਜਾਂ ਜਾਣਕਾਰੀ ਮੁਨਾਸਿਬ ਨਾ ਲੱਗਦੀ ਹੋਵੇ।

ਹੇਠ ਲਿਖੀਆਂ ਛੋਟਾਂ ਦਾ ਅਧਾਰ ਹੋ ਸਕਦਾ ਹੈ: 1) ਮਾਤਾ ਪਿਤਾ ਅੰਗਰੇਜ਼ੀ ਲਿਖਣ ਦੇ ਸਮਰੱਥਕ ਨਾ ਹੋਣ 2) ਕਿਸੇ ਵੀ ਤਰਾਂ ਦਾ ਤਾਲਮੇਲ ਬੱਚੇ ਨੂੰ ਨੁਕਸਾਨ ਦੇਹ ਸਿੱਧ ਹੁੰਦਾ ਜਾਪਦਾ ਹੋਵੇ 3) ਜੇਕਰ ਮਾਤਾ ਪਿਤਾ ਦਸੇ ਦਿੱਤੇ ਜਾਣ ਵਾਲੇ ਨੋਟਿਸ ਵਿਚ ਕਿਸੇ ਤਰਾਂ ਦੀ ਰੁਕਾਵਟ ਆਈ ਹੋਵੇ 4) ਮਾਤਾ ਪਿਤਾ ਨੂੰ ਹੋਣ ਵਾਲੀ ਪ੍ਰੀਕਿਰਿਆ ਦੀ ਦਾ ਨੋਟਿਸ ਨਾ ਦਿੱਤਾ ਗਿਆ ਹੋਵੇ

ਵਕੀਲ ਦੇ ਖਰਚੇ ਦਾ ਦੇਣਾ / ਮੁਆਵਜ਼ਾ

ਜੇਕਰ ਐਲ.ਈ.ਏ ਵਕੀਲ ਦੀਆਂ ਸੇਵਾਵਾਂ ਦੀ ਮਦਦ ਪਹਿਲਾਂ ਲੈਂਦਾ ਹੈ ਤਾਂ ਉਸਨੂੰ ਮਾਤਾ ਪਿਤਾ ਨੂੰ ਵਕੀਲੀ ਸੇਵਾਵਾਂ ਦਾ ਖਰਚਾ ਵੀ ਦੇਣਾ ਪਵੇਗਾ। ਇਹ ਜ਼ਿੰਮੇਵਾਰੀ ਇਕੱਲੇ ਮਾਤਾ ਪਿਤਾ ਦੀ ਨਹੀ ਹੁੰਦੀ। ਕਿਸੇ ਵੀ ਤਰੀਕੇ ਨਾਲ ਇਹਨਾਂ ਸੇਵਾਵਾਂ ਦਾ ਖਰਚਾ ਏਜੰਸੀ ਦੇ ਆਪਣੇ ਵਕੀਲਾਂ ਦੇ ਖਰਚੇ ਤੋਂ ਜ਼ਿਆਦਾ ਨਹੀ ਵਸੂਲ ਕੀਤਾ ਜਾ ਸਕਦਾ। ਇਸ ਖਰਚੇ ਵਿਚ ਹਰ ਤਰਾਂ ਦੀ ਤਿਆਰੀ ਅਤੇ ਮਸ਼ਵਰੇ ਪੂਰੇ ਕੀਤੇ ਜਾਂਦੇ ਹਨ।

ਜੇਕਰ ਮਾਤਾ ਪਿਤਾ ਵਕੀਲੀ ਸੇਵਾਵਾਂ ਦੀ ਵਰਤੋਂ ਕਰਦੇ ਹਨ ਤਾਂ ਪਬਲਿਕ ਸਿੱਖਿਆ ਏਜੰਸੀ ਨੂੰ ਪੂਰਾ ਹੱਕ ਹੈ ਕਿ ਉਹ ਵਕੀਲੀ ਸੇਵਾਵਾਂ ਦਾ ਉਪਯੋਗ ਕਰ ਸਕਦੇ ਹਨ। ਉਹਨਾਂ ਵਿਚ ਹਰ ਤਰਾਂ ਦਾ ਵਿਸਥਾਰ ਅਤੇ ਮੁੱਖ ਅੰਕਾਂ ਦਾ ਵਰਨਣ ਹਰ ਮਸਲੇ ਨੂੰ ਲੈਕੇ ਤਿਆਰ ਕੀਤਾ ਜਾਂਦਾ ਹੈ। ਮਾਤਾ ਪਿਤਾ ਦਾ ਫਰਜ਼ ਹੈ ਕਿ ਉਹ ਵਕੀਲੀ ਸੇਵਾਵਾਂ ਦੀ ਵਰਤੋਂ ਦੀ ਜਾਣਕਾਰੀ ਲਿਖਤੀ ਰੂਪ ਵਿਚ ਏਜੰਸੀ ਨੂੰ ਭੇਜਣ। ਉਹਨਾਂ ਕੋਲ 10 ਦਿਨ ਦਾ ਸਮਾਂ ਹੈ ਕਿ ਉਹ ਆਈ.ਈ.ਪੀ ਮੀਟਿੰਗ ਤੋਂ ਪਹਿਲਾਂ ਲਿਖਤੀ ਰੂਪ ਵਿਚ ਜਾਣਕਾਰੀ ਪ੍ਰਦਾਨ ਕਰਨ। ਉਹਨਾਂ ਦੀ ਸ਼ੁਰੂਆਤ ਨਾ ਦੇਣ ਕਾਰਨ ਸੁਣਵਾਈ ਵਿਚ ਦੇਰੀ ਹੋ ਸਕਦੀ ਹੈ। ਏਜੰਸੀ ਨੂੰ ਸਮਾਂ ਮਿਲਣਾ ਜ਼ਰੂਰੀ ਹੈ ਤਾਂ ਕਿ ਉਹ ਆਪਣਾ ਵਕੀਲ ਨਿਯੁਕਤ ਕਰ ਸਕਣ ਜੋ ਉਹਨਾਂ ਦੀ ਤਰਫ ਤੋਂ ਪੈਰਵਾਈ ਕਰਨ ਦਾ ਸਮਰੱਥਕ ਹੋਵੇ। ਜੇਕਰ ਮਾਤਾ ਪਿਤਾ ਵਕੀਲੀ ਸੇਵਾਵਾਂ ਪਹਿਲਾ ਲੈਂਦੇ ਹਨ ਤਾਂ ਉਹ ਆਪਣੇ ਵਕੀਲ ਨੂੰ ਫੀਸ ਦੇਣ ਲਈ ਆਪ ਜ਼ਿੰਮੇਵਾਰ ਹੋਣਗੇ। ਸਹੀ ਬਣਦਾ ਹੋਇਆ ਮੁਆਵਜ਼ਾ ਵਕੀਲ ਨੂੰ ਸੁਣਵਾਈ ਦੇ ਖਤਮ ਉਪਰੰਤ ਦਿੱਤਾ ਜਾ ਸਕਦਾ ਹੈ ਜਿਸ ਵਿਚ ਦੋਨਾਂ ਪਾਰਟੀਆਂ ਦੀ ਮਨਜ਼ੂਰੀ ਹੋਵੇ।

ਵਕੀਲ ਦੀਆਂ ਫੀਸਾਂ ਦਾ ਖਰਚਾ ਮਾਤਾ ਪਿਤਾ ਸਿਰ ਨਹੀ ਹੁੰਦਾ ਜੇਕਰ ਉਹ ਆਈ.ਈ.ਪੀ. ਨਾਲ ਤਾਲਮੇਲ ਰੱਖਦਾ ਹੋਵੇ। ਜਿਨਾਂ ਚਿਰ ਮੀਟਿੰਗ ਜਾਂ ਸੁਣਵਾਈ ਸਟੇਟ ਦੇ ਅਧਿਕਾਰੀਆਂ ਅਨੁਸਾਰ ਨਹੀ ਹੁੰਦਾ ਤਾਂ ਖਰਚਾ ਨਹੀ ਦਿੱਤਾ ਜਾਂਦਾ। ਵਕੀਲ ਦੀਆਂ ਫੀਸਾਂ ਘਟਾਈਆਂ ਵੀ ਜਾ ਸਕਦੀਆਂ ਹਨ ਜੇਕਰ ਮਾਤਾ ਪਿਤਾ ਦਾ ਵਕੀਲ ਲਿਖਤੀ ਰੂਪ ਵਿਚ ਮਸਲੇ ਦਾ ਵਿਸਥਾਰ ਅਤੇ ਹੱਲ ਦੀ ਜਾਣਕਾਰੀ ਦੇਣ ਵਿਚ ਅਸਮਰਥ ਹੁੰਦਾ ਹੈ।

ਜੇਕਰ ਕਿਸੇ ਤਰਾਂ ਦਾ ਲਿਆ ਗਿਆ ਫੈਸਲਾ ਮਾਨਸਿਕ ਤੌਰ ਤੇ ਸਿੱਖਿਆ ਵਿਚ ਕਮਜ਼ੋਰ ਐਕਟ ਹੇਠ ਆਉਂਦਾ ਹੈ ਤਾਂ ਕੋਰਟ ਵਲੋਂ ਵਕੀਲ ਦੀ ਕੁਝ ਮਾਤਰਾ ਫੀਸ ਦਾ ਹਿੱਸਾ ਮਾਤਾ ਪਿਤਾ ਦੇ ਸਿਰ ਲਾਇਆ ਜਾ ਸਕਦਾ ਹੈ।

ਜੇਕਰ ਕਿਸੇ ਲਿਖਤੀ ਰੂਪ ਵਿਚ ਸਮਝੌਤਾ ਹੁੰਦਾ ਹੋਵੇ ਤਾਂ ਉਸ ਸਮੇਂ ਮਾਤਾ ਪਿਤਾ ਦੀ ਮਨਜ਼ੂਰੀ ਸਦਕਾ ਵਕੀਲ ਦੀ ਫੀਸ ਜ਼ਰੂਰੀ ਨਹੀ ਹੁੰਦੀ ਅਤੇ ਬਾਅਦ ਵਿਚ ਦਿੱਤੀ ਗਈ ਫੀਸ ਵਾਪਸ ਵੀ ਨਹੀ ਆਉਂਦੀ ਕਿਉਂਕਿ ਸੁਣਵਾਈ ਤੋਂ 10 ਦਿਨ ਪਹਿਲਾਂ ਇਹ ਕਾਰਵਾਈ ਜ਼ਰੂਰੀ ਹੁੰਦੀ ਹੈ। ਇਸ ਸਮਝੌਤੇ ਦੇ ਫੈਸਲੇ ਦਾ ਸਮਾਂ 10 ਦਿਨ ਦਾ ਹੁੰਦਾ ਹੈ ਅਤੇ ਮਾਤਾ ਪਿਤਾ ਦੀ ਮਨਜ਼ੂਰੀ ਦਾ ਇੰਤਜ਼ਾਰ ਕੀਤਾ ਜਾਂਦਾ ਹੈ। ਵਕੀਲ ਦਾ ਖਰਚਾ ਮਾਤਾ ਪਿਤਾ ਦੇ ਸਿਰ ਹੋ ਸਕਦਾ ਹੈ ਜੇਕਰ ਉਹ ਫੈਸਲੇ ਨੂੰ ਗੈਰਮਨਜ਼ੂਰੀ ਕਰਨ ਦਾ ਫੈਸਲਾ ਕਰਦੇ ਹਨ।

ਵਕੀਲ ਨੂੰ ਦਿੱਤੀ ਜਾਣ ਵਾਲੀ ਫੀਸ ਵਿਚ ਘਾਟਾ ਹੋ ਸਕਦਾ ਹੈ ਜੇਕਰ ਸੁਣਵਾਈ ਕਾਰਵਾਈ ਦੌਰਾਨ ਮਾਤਾ ਪਿਤਾ ਕਿਸੇ ਸਮਝੌਤੇ ਉਪਰ ਆਉਂਦੇ ਹਨ. ਜੇਕਰ ਫੀਸ ਘੰਟਾਂ ਪ੍ਰਤੀ ਵੱਧ ਦੀ ਮੰਗ ਕੀਤੀ ਗਈ ਹੋਵੇ ਤਾਂ ਕਿ ਸਮੇਂ ਵੱਧ ਲੱਗਾ ਹੋਵੇ ਉਸਦਾ ਵੇਰਵਾ ਵਿਸਥਾਰ ਵਿਚ ਦੇਣਾ ਜ਼ਰੂਰੀ ਸਮਝਿਆ ਜਾਂਦਾ ਹੈ। ਜੇਕਰ ਵਕੀਲ ਨੇ ਮਾਤਾ ਪਿਤਾ ਦੇ ਪ੍ਰਤੀ ਸਕੂਲ ਨੂੰ ਪੂਰੀ ਜਾਣਕਾਰੀ ਨਹੀ ਦਿੱਤੀ ਜਾਂਦੀ ਤਾਂ ਉਹ ਕਾਨੂੰਨ ਤੌਰ ਤੇ ਗਲਤ ਮੰਨਿਆ ਜਾਂਦਾ ਹੈ। ਰਿਪੋਰਟ ਵਿਚ ਹਰ ਮਸਲੇ ਦਾ ਹੱਲ ਅਤੇ ਸੁਝਾਅ ਦੁਆਰਾ ਕੀਤੇ ਗਏ ਅਧਾਰਾਂ ਦਾ ਵਰਨਣ ਜ਼ਰੂਰੀ ਹੁੰਦਾ ਹੈ। ਵਕੀਲ ਦੀ ਫੀਸ ਘਟਾਈ ਨਹੀ ਜਾਂਦੀ ਜੇਕਰ ਸੁਣਵਾਈ ਦੌਰਾਨ ਕਿਸੇ ਵੀ ਗੱਲ ਦੀ ਗਲਤ ਸੂਚਨਾ ਦਿੱਤੀ ਜਾਂਦੀ ਹੈ।

ਸ਼ਕਾਇਤਾਂ: ਕੰਪਲੇਂਟ

* ਐਲ.ਈ.ਏ ਜਾਂ ਹੋਰ ਅਧਿਕਾਰੀ ਲਿਖਤੀ ਰੂਪ ਵਿਚ ਆਪਣੀ ਸ਼ਕਾਇਤ ਸੁਪਰਿਨਟੈਂਡਟ ਜਾਂ ਸਿੱਖਿਆ ਏਜੰਸੀ ਨੂੰ ਭੇਜ ਸਕਦੇ ਹਨ। ਇਹ ਸ਼ਕਾਇਤ ਸਟੇਟ ਸੁਪਰਿਨਟੈਂਡਟ ਜੋ ਪਬਲਿਕ ਸਿੱਖਿਆ ਬੋਰਡ ਹੈ ਨੂੰ ਵੀ ਭੇਜੀ ਜਾ ਸਕਦੀ ਹੈ ਜੇਕਰ ਸਪੈਸ਼ਲ ਸਿੱਖਿਆ ਦੇ ਕਿਸੇ ਵੀ ਕਾਨੂੰਨ ਦੀ ਉਲੰਘਣਾ ਕੀਤੀ ਗਈ ਹੋਵੇ।
* ਸਟੇਟ ਲੈਵਲ ਤੇ ਸ਼ਕਾਇਤ ਭੇਜਣ ਲਈ ਸੰਪਰਕ: ਕੰਪਲੇਂਟ ਮੈਨੇਜਮੈਂਟ ਅਤੇ ਮੀਡੀਏਸ਼ਨ ਯੂਨਿਟ, 515 ਐਲ ਸਟਰੀਟ ਸੂਈਟ 270 ਸੈਕਰਾਮੈਂਟੋ. ਸੀ.ਏ 95814 ਹੈ।
* ਭੇਜੀ ਗਈ ਸ਼ਕਾਇਤ ਦਾ ਤੁਰੰਤ ਫੈਸਲਾ ਲਿਆ ਜਾਂਦਾ ਹੈ ਜੋ ਕਿ ਸਟੇਟ ਸੁਪਰਿਨਟੈਂਡਟ ਸਿੱਖਿਆ ਬੋਰਡ ਦੀ ਮਨਜ਼ੂਰੀ ਹੇਠ ਹੁੰਦਾ ਹੈ।
* ਜੇਕਰ ਸਟੇਟ ਕੋਲ ਹਦਾਇਤਾਂ ਹੋਣ ਤਾਂ ਕਾਰਵਾਈ ਦਾ ਲਿਖਤੀ ਰੂਪ ਵਿਚ ਫੈਸਲਾ ਲਿਆ ਗਿਆ 60 ਦਿਨਾਂ ਦੇ ਅੰਦਰ ਦੋਨਾਂ ਪਾਰਟੀਆਂ ਨੂੰ ਭੇਜਿਆ ਜਾਂਦਾ ਹੈ।
* ਜੇਕਰ ਸਥਾਨਕ ਏਜੰਸੀ ਕੋਲ ਹਦਾਇਤ ਹੋਵੇ ਤਾਂ: ਉਸ ਏਜੰਸੀ ਦੇ ਸੁਪਰਿਨਟੈਂਡਟ 1) ਸ਼ਕਾਇਤ ਦੀ ਜਾਂਚ ਪੜਤਾਲ ਕਰਕੇ ਲਿਖਤੀ ਰੂਪ ਵਿਚ ਰਿਪੋਰਟ ਭੇਜਦੇ ਹਨ 2) ਸ਼ਕਾਇਤ ਕਰਤਾ ਨੂੰ ਸਾਰੀ ਜਾਣਕਾਰੀ ਲਿਖਤੀ ਰੂਪ ਵਿਚ ਦਿੱਤੀ ਜਾਂਦੀ ਹੈ।
* ਮਾਤਾ ਪਿਤਾ ਸਥਾਨਕ ਏਜੰਸੀ ਦੇ ਫੈਸਲੇ ਦੀ ਸਟੇਟ ਲੈਵਲ ਤੇ ਸੁਪਰਿਨਟੈਂਡਟ ਨੂੰ 15 ਦਿਨਾਂ ਵਿਚ ਅਪੀਲ ਕਰ ਸਕਦੇ ਹਨ। ਜਿਨਾਂ ਚਿਰ ਸਟੇਟ ਦਾ ਫੈਸਲਾ ਨਹੀ ਆਉਂਦਾ ਉਸ ਦੇਰ ਤੱਕ ਸਥਾਨਕ ਏਜੰਸੀ ਦਾ ਲਾਗੂ ਕੀਤਾ ਗਿਆ ਫੈਸਲਾ ਜਾਰੀ ਰਹਿੰਦਾ ਹੈ।
* ਸਟੇਟ ਦੇ ਅਹੁਦੇਦਾਰ ਅਧਿਕਾਰੀ ਸ਼ਕਾਇਤ ਦੀ ਅਪੀਲ ਦੇ ਹਰ ਮੁੱਦੇ ਦੀ ਜਾਂਚ ਕਰਨ ਉਪਰੰਤ ਹੀ ਆਪਣਾ ਫੈਸਲਾ ਸੁਣਾਉਂਦੇ ਹਨ। ਉਹਨਾਂ ਦੇ ਇਸ ਫੈਸਲੇ ਦੀ ਰਿਪੋਰਟ ਦੀ ਕਾਪੀ ਲਿਖਤੀ ਰੂਪ ਵਿਚ ਦੋਨੋ ਪਾਰਟੀਆਂ ਨੂੰ ਭੇਜੀ ਜਾਂਦੀ ਹੈ।
* ਮਾਤਾ ਪਿਤਾ ਜਾਂ ਐਲ.ਈ.ਏ ਸਟੇਟ ਦੇ ਫੈਸਲੇ ਦੀ ਅਪੀਲ ਵਾਸ਼ਿੰਗਟਨ ਡੀ.ਸੀ. ਦੇ ਦਫਤਰ ਵਿਚ ਲਿਖਤੀ ਰੂਪ ਵਿਚ ਭੇਜ ਸਕਦੇ ਹਨ। ਇਹ ਅਪੀਲ ਸਿੱਖਿਆ ਵਿਭਾਗ ਦੇ ਅਸਿਸਟੈਂਟ ਸੈਕਰੇਟਰੀ ਨੂੰ ਇਸ ਪਤੇ ਤੇ ਭੇਜੀ ਜਾ ਸਕਦੀ ਹੈ। ਆਫਿਸ ਆਫ ਸਪੈਸ਼ਲ ਸਿੱਖਿਆ ਅਤੇ ਰੀਹੈਬ ਸੇਵਾਵਾਂ, ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ ਐਜੂਕੇਸ਼ਨ, ਸਪੈਸ਼ਲ ਸਿੱਖਿਆ ਸੇਵਾਵਾਂ, ਸਵਿਟਜ਼ਰ ਬਿਲਡਿੰਗ, 330 ਸੀ ਸਟਰੀਟ, ਵਾਸ਼ਿੰਗਟਨ ਡੀ.ਸੀ. 20202.

ਸੋਧਿਆ 8/2014

ਕੇ. ਐਚ. ਐਸ. ਡੀ.